@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 12 April 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 12 ਅਪ੍ਰੈਲ 2024, 29 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 142, qpatrika@gmail.com ਫੋਨ : 9971359517 www.qaumipatrika.org

ਛੇਤੀ ਹੀ ਲੁਧਿਆਣਾ 'ਚ ਅਕਾਲੀਆਂ ਨੂੰ ਉਮੀਦਵਾਰ ਦੇ 'ਦਰਸ਼ਨ' ਕਰਵਾ ਦੇਣਗੇ ਸੁਖਬੀਰ

ਲੁਧਿਆਣਾ 11 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅੱਜ ਲੁਧਿਆਣਾ ਦੇ 6 ਹਲਕਿਆਂ 'ਚੋਂ 5 ਹਲਕਾ ਇੰਚਾਰਜਾਂ ਅਤੇ ਜ਼ਿਲਾ ਪ੍ਰਧਾਨ ਨੇ ਲੋਕ ਸਭਾ ਸੀਟ ਦੀ ਚੋਣ ਲਈ ਸਾਰੇ ਨੇਤਾਵਾਂ ਦੇ ਨਾਂ ਦੇ ਦਿੱਤੇ ਹਨ, ਜਦੋਂਕਿ ਹਲਕਾ ਪੱਛਮੀ ਦੇ ਗਰੇਵਾਲ ਇਸ ਮੀਟਿੰਗ 'ਚ ਨਹੀਂ ਦਿਸੇ। ਜਿਹੜੇ ਆਗੂ ਸ਼ਾਮਲ ਹੋਏ, ਉਨ੍ਹਾਂ 'ਚ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ, ਦੱਖਣੀ ਤੋਂ ਜਸਪਾਲ ਸਿੰਘ ਗਿਆਸਪੁਰਾ, ਉੱਤਰੀ ਤੋਂ ਆਰ. ਡੀ. ਸ਼ਰਮਾ, ਸੈਂਟਰਲ ਤੋਂ ਕਾਕਾ ਸੂਦ, ਪੂਰਬੀ ਤੋਂ ਰਣਜੀਤ ਸਿੰਘ ਢਿੱਲੋਂ, ਆਤਮ ਨਗਰ ਤੋਂ ਜਗਬੀਰ ਸੋਖੀ ਆਦਿ ਦੱਸੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਹੁਣ ਲੁਧਿਆਣਾ ਦੀ ਸੀਟ 2 ਰਾਮਗੜ੍ਹੀਆ ਭਾਈਚਾਰੇ ਅਤੇ 2 ਜੱਟ ਸਿੱਖਾਂ 'ਚ ਆ ਖੜ੍ਹੀ ਹੈ। ਇਨ੍ਹਾਂ 'ਚ ਜੱਟ ਸਿੱਖ ਰਣਜੀਤ ਸਿੰਘ ਢਿੱਲੋਂ, ਪਰਉਪਕਾਰ ਸਿੰਘ ਘੁੰਮਣ ਅਤੇ ਰਾਮਗੜ੍ਹੀਆ ਭਾਈਚਾਰੇ ਵੱਲੋਂ ਹਰਚਰਨ ਸਿੰਘ ਗੋਹਲਵੜੀਆ ਅਤੇ ਸੁਖਬੀਰ ਦੀਆਂ ਨਜ਼ਰਾਂ 'ਚ ਇਕ ਹੋਰ ਆਗੂ ਹੈ। ਸੂਤਰਾਂ ਨੇ ਇਸ਼ਾਰਾ ਕੀਤਾ ਕਿ ਆਉਣ ਵਾਲੇ 4-5 ਦਿਨਾਂ 'ਚ ਸੁਖਬੀਰ ਲੁਧਿਆਣਾ 'ਚ ਅਕਾਲੀਆਂ ਨੂੰ ਚੋੜ ਲੜਨ ਵਾਲੇ ਚਿਹਰੇ ਦੇ ਦਰਸ਼ਨ ਕਰਵਾ ਦੇਣਗੇ। ਲੁਧਿਆਣਾ 'ਚ ਭਾਵੇਂ 2 ਆਗੂ ਚੋਣ ਲੜਨ ਲਈ ਸਿਰ ਧੜ ਦੀ ਬਾਜੀ ਲਗਾ ਰਹੇ ਹਨ ।

ਭ੍ਰਿਸ਼ਟਾਚਾਰੀਆਂ ਨੂੰ ਜਾਣਾ ਪਵੇਗਾ ਜੇਲ੍ਹ, ਇਹ ਮੋਦੀ ਦੀ ਗਾਰੰਟੀ ਹੈ: ਪ੍ਰਧਾਨ ਮੰਤਰੀ ਮੋਦੀ

ਸਿੰਮੀ ਕੌਰ ਬੱਬਰ

ਜੈਪੁਰ 11 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭ੍ਰਿਸਟਾਚਾਰ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਗਠਜੋੜ 'ਇੰਡੀਆ' 'ਤੇ ਨਿਸਾਨਾ ਵਿੰਨ੍ਹਦੇ ਹੋਏ ਵੀਰਵਾਰ ਨੂੰ ਕਿਹਾ ਕਿ ਭ੍ਰਿਸਟਾਚਾਰੀਆਂ ਨੂੰ ਜੇਲ ਜਾਣਾ ਪਵੇਗਾ, ਇਹ 'ਮੋਦੀ ਦੀ ਗਾਰੰਟੀ' ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਹ ਆਮ ਚੋਣਾਂ ਵਿਕਸਿਤ ਭਾਰਤ ਦੇ ਸੰਕਲਪ ਨੂੰ ਨਵੀਂ ਊਰਜਾ ਦੇਣ ਵਾਲੀਆਂ ਚੋਣਾਂ ਹਨ। ਉਹ ਕਰੌਲੀ 'ਚ ਕਾਂਗਰਸ ਦੀ ਚੋਣ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਇਕ ਅਜਿਹੀ ਪਾਰਟੀ ਹੈ, ਜਿਸ ਨੇ ਨੌਜਵਾਨਾਂ ਦੀਆਂ ਨੌਕਰੀਆਂ ਲੁੱਟਣ ਦੇ ਮੌਕੇ ਲੱਭੇ ਹਨ ਅਤੇ ਇੱਥੇ ਰਾਜਸਥਾਨ ਵਿਚ ਕਾਂਗਰਸ ਸਰਕਾਰ ਦੀ ਸਰਪ੍ਰਸਤੀ ਹੇਠ 'ਪੇਪਰ ਲੀਕ' ਉਦਯੋਗ ਖੜ੍ਹਾ ਹੋ ਗਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੋਦੀ ਨੇ ਤੁਹਾਨੂੰ ਗਾਰੰਟੀ ਦਿੱਤੀ ਕਿ ਭਾਜਪਾ ਦੀ ਸਰਕਾਰ ਆਵੇਗੀ ਅਤੇ ਪੇਪਰ ਲੀਕ ਮਾਫੀਆ ਨੂੰ ਜੇਲ੍ਹ ਦੇ ਅੰਦਰ ਵਿਖਾਈ ਦੇਣਗੇ।

ਉਨ੍ਹਾਂ ਕਿਹਾ ਕਿ ਇਸੇ ਲਈ 'ਇੰਡੀ' ਗਠਜੋੜ ਦੇ ਲੋਕ ਮੋਦੀ ਖਿਲਾਫ ਇਕਜੁੱਟ ਹੋ ਰਹੇ ਹਨ। ਦੇਸ ਵਿਚ ਕੀ ਚੱਲ ਰਿਹਾ ਹੈ। ਇਕ ਪਾਸੇ ਮੋਦੀ ਹੈ ਜੋ ਕਹਿੰਦਾ ਹੈ ਭ੍ਰਿਸਟਾਚਾਰ ਹਟਾਓ। ਦੂਜੇ ਪਾਸੇ ਉਹ ਹਨ ਜੋ ਕਹਿੰਦੇ ਹਨ ਕਿ ਭ੍ਰਿਸਟਾਚਾਰੀਆਂ ਨੂੰ ਬਚਾਓ। ਇਹ ਸਾਰੇ ਲੋਕ ਜੋ ਭ੍ਰਿਸਟਾਚਾਰੀਆਂ ਨੂੰ ਬਚਾਉਣ ਲਈ ਨਿਕਲੇ ਹਨ, ਉਨ੍ਹਾਂ ਨੂੰ ਖੁੱਲ੍ਹੇ ਕੰਨਾਂ ਨਾਲ ਸੁਣਨਾ ਚਾਹੀਦਾ ਹੈ, ਚਾਹੇ ਉਹ ਮੋਦੀ ਨੂੰ ਕਿੰਨੀਆਂ ਵੀ ਧਮਕੀਆਂ ਦੇ ਦੇਣ। ਭ੍ਰਿਸਟਾਚਾਰੀਆਂ ਨੂੰ ਜੇਲ੍ਹ ਜਾਣਾ ਹੀ ਪਵੇਗਾ, ਇਹ ਮੋਦੀ ਦੀ ਗਾਰੰਟੀ ਹੈ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ 'ਚ ਭਾਜਪਾ ਨੇ ਉਨ੍ਹਾਂ ਸਮੱਸਿਆਵਾਂ ਦਾ ਹੱਲ ਕੱਢੇ, ਜਿਨ੍ਹਾਂ 'ਤੇ ਕਾਂਗਰਸ ਨੇ ਹੱਥ ਖੜ੍ਹੇ ਕਰ ਦਿੱਤੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕਾਂਗਰਸ ਦਹਾਕਿਆਂ ਤੱਕ 'ਗਰੀਬੀ ਹਟਾਓ' ਦਾ ਨਾਅਰਾ ਦਿੰਦੀ ਰਹੀ ਪਰ ਮੋਦੀ ਨੇ 25 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਕੱਢਣ ਦਾ ਕੰਮ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਦਾ ਇਤਿਹਾਸ ਹੀ ਖਤਰਨਾਕ ਨਹੀਂ ਹੈ, ਸਗੋਂ ਕਾਂਗਰਸ ਦੇ ਇਰਾਦੇ ਵੀ ਖਤਰਨਾਕ ਹਨ। ਉਨ੍ਹਾਂ ਕਿਹਾ ਕਿ ਭਾਈ-ਭਤੀਜਾਵਾਦ ਅਤੇ ਭ੍ਰਿਸਟਾਚਾਰ ਦੀ ਦਲਦਲ ਵਿਚ ਡੁੱਬੀ ਕਾਂਗਰਸ ਜਨਤਾ ਦੀਆਂ ਮਜਬੂਰੀਆਂ 'ਚ ਮੁਨਾਫਾ ਭਾਲਦੀ ਹੈ। ਰਾਜਸਥਾਨ 'ਚ ਲੋਕ ਸਭਾ ਚੋਣਾਂ ਦੋ ਪੜਾਵਾਂ ਵਿਚ 19 ਅਤੇ 26 ਅਪ੍ਰੈਲ ਨੂੰ ਹੋਣਗੀਆਂ।

ਚਿਨਾਰ ਕੋਰ ਕਮਾਂਡਰ ਨੇ ਕੰਟਰੋਲ ਰੇਖਾ 'ਤੇ ਘੁਸਪੈਠ ਰੋਕੂ ਗਰਿੱਡ ਦੀ ਕੀਤੀ ਸਮੀਖਿਆ

ਸ਼੍ਰੀਨਗਰ 11 ਅਪ੍ਰੈਲ। ਫੌਜ ਦੀ ਰਣਨੀਤਕ ਚਿਨਾਰ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਮੰਗਲਵਾਰ ਨੂੰ ਕੰਟਰੋਲ ਰੇਖਾ 'ਤੇ ਘੁਸਪੈਠ ਰੋਕੂ ਗਰਿੱਡ ਅਤੇ ਜੰਮੂ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ 'ਚ ਫੋਰਸ ਦੀ ਮੁਹਿੰਮ ਸੰਬੰਧੀ ਤਿਆਰੀਆਂ ਦੀ ਸਮੀਖਿਆ ਕੀਤੀ। ਇਸ ਸੰਬੰਧ 'ਚ ਫੌਜ ਨੇ ਕਿਹਾ ਕਿ ਚਿਨਾਰ ਕੋਰ ਕਮਾਂਡਰ ਨੇ ਫੌਜੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮੌਸਮ ਸੰਬੰਧੀ ਸਥਿਤੀਆਂ ਦੇ ਬਾਵਜੂਦ ਮੁਹਿੰਮ ਸੰਬੰਧੀ ਮਨੋਬਲ ਬਣਾਏ ਰੱਖਣ ਲਈ ਪ੍ਰੇਰਿਤ ਕੀਤਾ। ਚਿਨਾਰ ਕੋਰ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਚਿਨਾਰ ਕੋਰ ਕਮਾਂਡਰ ਨੇ ਘੁਸਪੈਠ ਰੋਕੂ ਗਰਿੱਡ ਅਤੇ ਮੁਹਿੰਮਕਾਰੀ ਤਿਆਰੀਆਂ ਦੀ ਸਮੀਖਿਆ ਲਈ ਅੱਜ ਕੋਰਨ ਸੈਕਟਰ-ਕੁਪਵਾੜਾ 'ਚ ਕੰਟਰੋਲ ਰੇਖਾ 'ਤੇ ਤਾਇਨਾਤ ਮੋਹਰੀ ਇਲਾਕਿਆਂ ਦਾ ਦੌਰਾ ਕੀਤਾ।"

ਇਸ ਦਿਨ ਹੋਵੇਗੀ ਦਿੱਲੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ, ਨੋਟੀਫਿਕੇਸ਼ਨ ਜਾਰੀ

ਨਵੀਂ ਦਿੱਲੀ 11 ਅਪ੍ਰੈਲ। ਦਿੱਲੀ ਨਗਰ ਨਿਗਮ ਦੇ ਮੇਅਰ ਅਤੇ ਡਿਪਟੀ ਮੇਅਰ ਲਈ ਚੋਣਾਂ 26 ਅਪ੍ਰੈਲ ਨੂੰ ਹੋਣਗੀਆਂ। ਇਕ ਅਧਿਕਾਰਤ ਨੋਟੀਫਿਕੇਸ਼ਨ 'ਚ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ ਗਈ। ਇਸ 'ਚ ਕਿਹਾ ਗਿਆ ਹੈ ਕਿ ਦਿੱਲੀ ਨਗਰ ਨਿਗਮ ਦੀ ਆਮ ਸਦਨ ਦੀ ਬੈਠਕ ਸਵੇਰੇ 11 ਵਜੇ ਅਰੁਣਾ ਆਸਫ ਅਲੀ ਆਡੀਟੋਰੀਅਮ 'ਚ ਹੋਵੇਗੀ। ਅਧਿਕਾਰਤ ਨੋਟੀਫਿਕੇਸ਼ਨ ਅਨੁਸਾਰ, ਮੇਅਰ ਅਤੇ ਡਿਪਟੀ ਮੇਅਰ ਅਹੁਦੇ ਲਈ ਨਾਮਜਦ 18 ਅਪ੍ਰੈਲ ਤੱਕ ਨਿਗਮ ਸਕੱਤਰ ਦੇ ਦਫਤਰ 'ਚ ਕਿਸੇ ਵੀ ਕਾਰਜ ਦਿਵਸ 'ਤੇ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਦਾਖਲ ਕੀਤੇ ਜਾ ਸਕਦੇ ਹਨ। ਇਸ 'ਚ ਕਿਹਾ ਗਿਆ ਹੈ ਕਿ ਦਿੱਲੀ ਨਗਰ ਨਿਗਮ ਦੇ ਮੇਅਰ ਦਾ ਅਹੁਦਾ ਤੀਜੇ ਸਾਲ ਲਈ ਅਨੁਸੂਚਿਤ ਜਾਤੀ ਲਈ ਰਾਖਵਾਂਕਰਨ ਹੈ।

ਰਾਜ ਠਾਕਰੇ ਨੇ ਕੀਤਾ ਪ੍ਰਧਾਨ ਮੰਤਰੀ ਮੋਦੀ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਐਲਾਨ

ਮੁੰਬਈ 11 ਅਪ੍ਰੈਲ। ਮਹਾਰਾਸ਼ਟਰ ਨਵਨਿਰਮਾਣ ਸੈਨਾ ਮੁਖੀ ਰਾਜ ਠਾਕਰੇ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਐਲਾਨ ਕੀਤਾ। ਠਾਕਰੇ ਗੁੱਡੀ ਪੜਵਾ ਉਤਸਵ ਮੌਕੇ ਦਾਦਰ ਦੇ 'ਸ਼ਿਵਤੀਰਥ' ਸ਼ਿਵਾਜੀ ਪਾਰਕ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਮਹਾਯੁਤੀ ਦੇ ਨੇਤਾਵਾਂ ਨੇ ਮਨਸੇ ਮੁਖੀ ਦੇ ਫੈਸਲੇ ਦਾ ਸੁਆਗਤ ਕੀਤਾ ਹੈ। ਉੱਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ,"ਪ੍ਰਧਾਨ ਮੰਤਰੀ ਦੀ

ਕੁਸ਼ਲ ਲੀਡਰਸ਼ਿਪ 'ਤੇ ਭਰੋਸਾ ਕਰਦੇ ਹੋਏ ਵਿਕਸਿਤ ਭਾਰਤ ਦੇ ਸੁਫਨੇ ਨੂੰ ਸਾਕਾਰ ਕਰਨ ਅਤੇ ਇਕ ਮਜਬੂਤ ਮਹਾਰਾਸ਼ਟਰ ਦੇ ਨਿਰਮਾਣ ਲਈ ਭਾਜਪਾ, ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਦੇ ਮਹਾਗਠਜੋੜ ਦਾ ਸਮਰਥਨ ਕਰਨ ਲਈ ਮੈਂ ਮਨਸੇ ਮੁਖੀ ਰਾਜ ਠਾਕਰੇ ਦਾ ਬੇਹੱਦ ਧੰਨਵਾਦੀ ਹਾਂ। ਆਓ ਅਸੀਂ ਸਾਰੇ ਪੂਰੀ ਤਾਕਤ ਨਾਲ ਲੋਕਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਪੂਰੀਆਂ ਕਰਨ ਲਈ ਦ੍ਰਿੜ ਸੰਕਲਪਿਤ ਹੋਈਏ।"

ਅਨੁਰਾਗ ਠਾਕੁਰ ਨੇ ਕੰਗਨਾ ਦੇ '2014 'ਚ ਆਜਾਦੀ' ਵਾਲੇ ਬਿਆਨ ਦਾ ਕੀਤਾ ਸਮਰਥਨ

ਨੈਸ਼ਨਲ ਡੈਸਕ 11 ਅਪ੍ਰੈਲ। ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਲੋਕ ਸਭਾ ਖੇਤਰ ਤੋਂ ਭਾਜਪਾ ਉਮੀਦਵਾਰ ਅਤੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਵੀ ਮੰਡੀ ਤੋਂ ਭਾਜਪਾ ਉਮੀਦਵਾਰ ਕੰਗਨਾ ਰਾਣਾਵਤ ਦੇ ਉਸ ਬਿਆਨ ਦਾ ਸਮਰਥਨ ਕੀਤਾ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਭਾਰਤ ਨੂੰ ਆਜਾਦੀ 2014 ਵਿਚ ਮਿਲੀ। ਅਨੁਰਾਗ ਠਾਕੁਰ ਨੇ ਕਿਹਾ ਕਿ 2014 ਵਿਚ ਅਸਲ ਮਾਇਨੇ ਵਿਚ ਦੇਸ਼ ਨੂੰ ਕਾਂਗਰਸ ਦੇ ਪਰਿਵਾਰਵਾਦ ਤੋਂ ਆਜਾਦੀ ਮਿਲੀ। ਇਸ ਭ੍ਰਿਸ਼ਟ ਦੇ ਲੂਟਤੰਤਰ ਤੋਂ ਆਜਾਦੀ ਮਿਲੀ। ਕਾਂਗਰਸ ਨੇ ਦੇਸ਼ ਨੂੰ ਅਸੁਰੱਖਿਅਤ ਰੱਖਿਆ ਸੀ ਅਤੇ ਉਸ ਤੋਂ ਆਜਾਦੀ ਮਿਲੀ ਹੈ। ਹੋਰ ਖੇਤਰ ਜੋ ਅਜੇ ਬਚੇ ਹਨ ਅਤੇ ਉਨ੍ਹਾਂ ਤੋਂ ਵੀ ਆਜਾਦੀ ਦਿਵਾਵਾਂਗੇ। ਭਾਜਪਾ ਦੇ ਹਮੀਰਪੁਰ ਸੰਸਦੀ ਖੇਤਰ ਦੇ ਉਮੀਦਵਾਰ ਅਤੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਮੰਗਲਵਾਰ ਨੂੰ ਜਸਵਾਂ ਪ੍ਰਾਗਪੁਰ ਵਿਧਾਨ ਸਭਾ ਖੇਤਰ ਦੇ ਨੰਗਲ ਚੌਕ ਵਿਚ ਅਨੁਸੂਚਿਤ ਮੋਰਚਾ ਸੰਮੇਲਨ ਵਿਚ ਭਾਗ ਲਿਆ, ਇੱਥੇ ਅਨੁਰਾਗ ਠਾਕੁਰ ਨੇ ਐੱਸ. ਸੀ. ਮੋਰਚਾ ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਲੋਕ ਸਭਾ ਚੋਣਾਂ ਲਈ ਤਿਆਰ ਰਹਿਣ ਲਈ ਕਿਹਾ। ਅਨੁਰਾਗ ਠਾਕੁਰ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਜੈ ਭੀਮ ਜੈ ਭਾਰਤ' ਦੇ ਨਾਅਰੇ ਨਾਲ ਕੀਤੀ। ਇਸ ਤੋਂ ਪਹਿਲਾਂ, ਕੇਂਦਰੀ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਦੇਹਰਾ ਵਿਚ ਪ੍ਰਾਚੀਨ ਪਾਂਡਵ ਕਾਲੀਨ ਸ਼੍ਰੀ ਲਕਸ਼ਮੀ ਨਾਰਾਇਣ ਮੰਦਰ ਠਾਕੁਰ ਦੁਆਰਾ ਚਨੌਰ ਵਿਚ ਪੂਜਾ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਗਰੀਬੀ ਹਟਾਓ ਦੇ ਨਾਅਰੇ ਲਗਾਏ, ਪਰ ਜਦੋਂ ਇਕ ਗਰੀਬ ਮਾਂ ਦਾ ਬੇਟਾ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਤਾਂ 25 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਨਿਕਲ ਕੇ ਆਏ।

ਜਲੰਧਰ ਤੇ ਲੁਧਿਆਣਾ ਲੋਕ ਸਭਾ ਸੀਟਾਂ ਤੋਂ ਉਮੀਦਵਾਰ ਉਤਾਰਨ ਬਾਰੇ ਮੁੱਖ ਮੰਤਰੀ ਮਾਨ ਨੇ ਟਵੀਟ ਕਰ ਦਿੱਤੀ ਜਾਣਕਾਰੀ

ਏਜੰਸੀਆਂ

ਜਲੰਧਰ 11 ਅਪ੍ਰੈਲ। ਲੋਕ ਸਭਾ ਚੋਣਾਂ ਦੇ ਮੱਦੇਨਜਰ ਰਾਜਨੀਤਿਕ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀਤੇ ਦਿਨੀਂ ਪੰਜਾਬ 'ਚ ਭਾਜਪਾ ਅਤੇ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰਾਂ ਦੇ ਐਲਾਨ ਦੀਆਂ ਲਿਸਟਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਅਜਿਹੇ 'ਚ 'ਆਪ' ਵੱਲੋਂ ਜਲੰਧਰ ਅਤੇ ਲੁਧਿਆਣਾ ਲੋਕ ਸਭਾ ਸੀਟ ਤੋਂ ਉਮੀਦਵਾਰ ਐਲਾਨਣ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੱਡੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਇਹ ਜਾਣਕਾਰੀ ਇਕ ਟਵੀਟ ਕਰ ਕੇ ਸਾਂਝੀ ਕੀਤੀ ਹੈ। ਐਕਸ 'ਤੇ ਟਵੀਟ ਕਰ ਕੇ ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਪੰਜਾਬ 'ਚ ਜਲੰਧਰ ਅਤੇ ਲੁਧਿਆਣਾ ਲੋਕ ਸਭਾ ਸੀਟ ਤੋਂ ਉਮੀਦਵਾਰਾਂ ਦਾ ਐਲਾਨ 16 ਅਪ੍ਰੈਲ ਨੂੰ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਭਾਜਪਾ ਵੱਲੋਂ ਜਾਰੀ ਕੀਤੀ ਗਈ ਲਿਸਟ 'ਚ ਪੰਜਾਬ ਦੇ 6 ਲੋਕ ਸਭਾ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਸੀ, ਜਿਨ੍ਹਾਂ 'ਚ ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਫਰੀਦਕੋਟ ਤੋਂ ਹੰਸ ਰਾਜ ਹੰਸ ਨੂੰ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪਟਿਆਲਾ ਤੋਂ ਪਰਨੀਤ ਕੌਰ, ਅੰਮ੍ਰਿਤਸਰ ਤੋਂ

ਤਰਨਜੀਤ ਸਿੰਘ ਸੰਧੂ, ਜਦਕਿ ਗੁਰਦਾਸਪੁਰ ਤੋਂ ਦਿਨੇਸ਼ ਸਿੰਘ ਬੱਬੂ ਨੂੰ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ। ਇਸੇ ਤਰ੍ਹਾਂ 'ਆਪ' ਵੱਲੋਂ ਵੀ 8 ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ ਕਰ ਦਿੱਤੀ ਗਈ ਸੀ, ਜਿਸ 'ਚ ਪਾਰਟੀ ਨੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ (ਅੰਮ੍ਰਿਤਸਰ), ਮੰਤਰੀ ਲਾਲਜੀਤ ਸਿੰਘ ਭੁੱਲਰ (ਖਡੂਰ ਸਾਹਿਬ), ਮੰਤਰੀ ਗੁਰਮੀਤ ਸਿੰਘ ਖੁੱਡੀਆਂ (ਬਠਿੰਡਾ), ਮੰਤਰੀ ਗੁਰਮੀਤ ਸਿੰਘ ਮੀਤ ਹੇਅਰ (ਸੰਗਰੂਰ), ਮੰਤਰੀ ਡਾ. ਬਲਬੀਰ ਸਿੰਘ (ਪਟਿਆਲਾ), ਕਰਮਜੀਤ ਅਨਮੋਲ (ਫਰੀਦਕੋਟ) ਤੇ ਗੁਰਪ੍ਰੀਤ ਸਿੰਘ (ਫਤਿਹਗੜ੍ਹ ਸਾਹਿਬ) ਨੂੰ ਉਮੀਦਵਾਰ ਐਲਾਨਿਆ ਸੀ। ਪਾਰਟੀ ਨੇ ਸੁਸ਼ੀਲ ਰਿੰਕੂ ਨੂੰ ਜਲੰਧਰ ਤੋਂ ਉਮੀਦਵਾਰ ਐਲਾਨਿਆ ਸੀ ਪਰ ਉਹ ਪਾਰਟੀ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ। ਇਸ ਤੋਂ ਕੁਝ ਦਿਨ ਬਾਅਦ ਹੀ ਪਾਰਟੀ ਵੱਲੋਂ ਉਮੀਦਵਾਰਾਂ ਦੀ ਦੂਜੀ ਲਿਸਟ ਵੀ ਜਾਰੀ ਕੀਤੀ ਗਈ ਸੀ, ਜਿਸ 'ਚ ਪਾਰਟੀ ਨੇ ਮਾਲਵਿੰਦਰ ਸਿੰਘ ਕੰਗ ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਰਾਜਕੁਮਾਰ ਚੱਬੇਵਾਲ ਨੂੰ ਹੁਸ਼ਿਆਰਪੁਰ ਤੋਂ ਉਮੀਦਵਾਰ ਐਲਾਨਿਆ ਸੀ। ਇਸ ਸਮੇਂ ਜਲੰਧਰ ਅਤੇ ਲੁਧਿਆਣਾ ਪੰਜਾਬ ਦੀਆਂ ਹਾਟ ਸੀਟਾਂ ਬਣੀਆਂ ਹੋਈਆਂ ਹਨ। ਹੁਣ ਦੇਖਣਾ ਹੋਵੇਗਾ ਕਿ ਲੁਧਿਆਣਾ ਤੋਂ ਭਾਜਪਾ ਦੇ ਰਵਨੀਤ ਸਿੰਘ ਬਿੱਟੂ ਅਤੇ ਜਲੰਧਰ ਤੋਂ ਸੁਸ਼ੀਲ ਰਿੰਕੂ ਦੇ ਖ਼ਿਲਾਫ਼ ਆਮ ਆਦਮੀ ਪਾਰਟੀ ਕਿਸ ਉਮੀਦਵਾਰ ਨੂੰ ਮੈਦਾਨ 'ਚ ਉਤਾਰਦੀ ਹੈ।

ਕਾਨੂੰਨ ਦੇ ਗਲਤ ਇਸਤੇਮਾਲ '

ਟੋਲ ਪਲਾਜਾ ਦੇ ਗੰਨਮੈਨ 'ਤੇ ਗੱਡੀ ਚੜ੍ਹਾਉਣ ਦੇ ਮਾਮਲੇ 'ਚ ਇਕ ਮਹੀਨੇ ਬਾਅਦ ਵੀ ਸਾਹਕੋਟ ਪੁਲਸ ਦੇ ਹੱਥ ਖਾਲੀ

ਸ਼ਾਹਕੋਟ 11 ਅਪ੍ਰੈਲ। ਸ਼ਾਹਕੋਟ 'ਚ ਲੱਗਦੇ ਹਾਈਟੈੱਕ ਪੁਲਸ ਨਾਕੇ ਤੋਂ ਤਕਰੀਬਨ 100 ਮੀਟਰ ਦੀ ਦੂਰੀ 'ਤੇ ਨੈਸ਼ਨਲ ਹਾਈਵੇਅ 'ਤੇ ਸਥਿਤ ਟੋਲ ਪਲਾਜਾ 'ਤੇ ਬੀਤੇ ਦਿਨੀਂ ਵੱਡੀ ਵਾਰਦਾਤ ਹੋਈ। ਇਕ ਕਾਰ ਚਾਲਕ ਵੱਲੋਂ ਤੇਜੀ ਨਾਲ ਗੱਡੀ ਭਜਾਉਂਦੇ ਹੋਏ ਟੋਲ ਪਲਾਜਾ ਦੇ ਗੰਨਮੈਨ 'ਤੇ ਗੱਡੀ ਚਾੜ੍ਹ ਦਿੱਤੀ ਗਈ, ਜਿਸ ਕਾਰਨ ਟੋਲ ਪਲਾਜਾ ਕਰਮਚਾਰੀ ਦੀ ਬਾਂਹ ਫੈਕਚਰ ਹੋ ਗਈਂ ਅਤੇ ਗੰਭੀਰ ਸੱਟਾਂ ਲੱਗੀਆਂ। ਇਸ ਸਬੰਧੀ ਟੋਲ ਪਾਲਜਾ ਮੈਨੇਜਰ ਸੋਨੂੰ ਤੋਮਰ ਅਤੇ ਜਖਮੀ ਹੋਏ ਗੰਨਮੈਨ ਜਰਨੈਲ ਸਿੰਘ ਨੇ ਦੱਸਿਆ ਕਿ ਟੋਲ ਪਲਾਜਾ 'ਤੇ ਬੀਤੀ 8 ਮਾਰਚ ਨੂੰ ਇਕ ਗੱਡੀ ਤੇਜ ਰਫਤਾਰ ਨਾਲ ਟੋਲ ਪਲਾਜਾ 'ਤੇ ਪਹੁੰਚੀ, ਜਿਸ ਦੇ ਚਾਲਕ ਨੇ ਟੋਲ ਬੈਰੀਅਰ ਨੂੰ ਤੋੜ ਕੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਦੌਰਾਨ ਟੋਲ ਪਲਾਜਾ ਦੇ ਕਰਮਚਾਰੀਆਂ ਨੇ ਗੱਡੀ ਰੋਕਣ ਦੀ ਕੋਸ਼ਿਸ਼ ਕਰਨ ਲੱਗੇ, ਜਿਸ 'ਤੇ ਗੱਡੀ ਚਾਲਕ ਟੋਲ ਪਲਾਜਾ ਦੇ ਗੰਨਮੈਨ ਨੂੰ ਗੱਡੀ ਹੇਠਾਂ ਕੁਚਲ ਕੇ ਮੌਕੇ ਤੋਂ ਗੱਡੀ ਭਜਾ ਕੇ ਲੈ ਗਿਆ। ਇਹ ਸਾਰੀ ਵਾਰਦਾਤ ਟੋਲ ਪਲਾਜਾ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ 'ਚ ਕੈਦ ਹੋ ਗਈ। ਉਨ੍ਹਾਂ ਦੱਸਿਆ ਕੀ ਇਸ ਬਾਰੇ ਉਨ੍ਹਾਂ ਤੁਰੰਤ ਸ਼ਾਹਕੋਟ ਪੁਲਸ ਨੂੰ ਸੂਚਨਾ ਦਿੱਤੀ ਤੇ ਜਖਮੀ ਹੋਏ ਕਰਮਚਾਰੀ ਨੂੰ ਸ਼ਾਹਕੋਟ ਦੇ ਸਰਕਾਰੀ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ। ਜਰਨੈਲ ਸਿੰਘ ਨੇ ਦੱਸਿਆ ਕਿ ਗੱਡੀ ਹੇਠਾਂ ਆਉਣ ਕਾਰਨ ਉਸ ਦੀ ਲੱਤ ਦੇ ਮਸਲ ਕਰੈਕ ਹੋ ਗਏ ਤੇ ਬਾਂਹ ਵੀ ਟੁੱਟ ਗਈ, ਜਿਸ ਸਬੰਧੀ ਹਸਪਤਾਲ ਦੇ ਕਰਮਚਾਰੀਆਂ ਵੱਲੋਂ ਇਕ ਐੱਮ. ਐੱਲ. ਆਰ. ਵੀ ਸ਼ਾਹਕੋਟ ਪੁਲਸ ਨੂੰ ਭੇਜੀ ਗਈ। ਇਸ ਦੇ

ਬਾਵਜੂਦ ਸ਼ਾਹਕੋਟ ਪੁਲਸ ਵੱਲੋਂ ਅਜੇ ਤਕ ਇਸ ਮਾਮਲੇ 'ਚ ਕੋਈ ਵੀ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਗਈ। ਮੈਨੇਜਰ ਸੋਨੂੰ ਤੋਮਰ ਨੇ ਦੱਸਿਆ ਕਿ ਪੁਲਸ ਨੂੰ ਉਨ੍ਹਾਂ ਨੇ ਪੂਰੀ ਵਾਰਦਾਤ ਦੀ ਸੀ. ਸੀ. ਟੀ. ਵੀ. ਵੀਡੀਓ ਤੇ ਇਕ ਲਿਖਤੀ ਸ਼ਿਕਾਇਤ ਵੀ ਦਿੱਤੀ ਸੀ।ਕਈ ਵਾਰ ਪੁਲਸ ਨੂੰ ਅਪੀਲ ਕਰਨ ਦੇ ਬਾਵਜੂਦ ਵੀ ਲੱਗਭਗ ਇਕ ਮਹੀਨੇ 'ਚ ਪੁਲਸ ਉਕਤ ਵਿਅਕਤੀ ਨੂੰ ਫੜਨ 'ਚ ਨਾਕਾਮ ਸਾਬਤ ਹੋ ਰਹੀ ਹੈ, ਜਿਸ ਕਾਰਨ ਉਹ ਅੱਜ ਮੀਡੀਆ ਰਾਹੀਂ ਉੱਚ ਪੁਲਸ ਅਧਿਕਾਰੀਆਂ ਨੂੰ ਅਪੀਲ ਕਰਦੇ ਹਨ ਕਿ ਉਨ੍ਹਾਂ ਨੂੰ ਇਨਸਾਫ ਦਿਵਾ ਕੇ ਟੋਲ ਪਲਾਜਾ ਦੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਟੋਲ ਪਲਾਜਾ ਦੇ ਮੈਨੇਜਰ ਸੋਨੂੰ ਤੋਮਰ ਨੇ ਦੱਸਿਆ ਕਿ ਦੇਸ਼ ਦੀ ਮਾਨਯੋਗ ਸਰਵਉੱਚ ਅਦਾਲਤ ਵੱਲੋਂ ਦੇਸ਼ ਭਰ ਦੇ ਟੋਲ ਪਲਾਜ਼ਿਆਂ 'ਤੇ ਸੁਰੱਖਿਆ ਵਿਵਸਥਾ ਨੂੰ ਕਾਇਮ ਰੱਖਣ ਦੇ ਹੁਕਮ ਹਨ, ਜਿਸ ਕਾਰਨ ਟੋਲ ਪਾਲਾਜਾ 'ਤੇ ਸਬੰਧਤ ਥਾਣਿਆ ਦੇ ਮੁਲਾਜਮਾਂ ਦੀ ਤਾਇਨਾਤੀ ਲਾਜਮੀ ਹੈ ਪਰ ਇਸ ਦੇ ਬਾਵਜੂਦ ਸ਼ਾਹਕੋਟ ਪੁਲਸ ਇਨ੍ਹਾਂ ਹੁਕਮਾਂ ਦੀ ਪ੍ਰਵਾਹ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਮੁਲਾਜਮਾਂ ਦੀ ਤਾਇਨਾਤੀ ਤਾਂ ਕੀ ਕਰਨੀ ਹੈ ਸਗੋਂ ਸ਼ਾਹਕੋਟ ਪੁਲਸ ਟੋਲ ਬੈਰੀਅਰ 'ਤੇ ਹੋਣ ਵਾਲੀਆਂ ਵਾਰਦਾਤਾਂ ਨੂੰ ਟਰੇਸ ਕਰਨ 'ਚ ਨਾਕਾਮ ਸਾਬਤ ਹੋ ਰਹੀ ਹੈ। ਇਕ ਪਾਸੇ ਪੰਜਾਬ ਸਰਕਾਰ ਕਰੋੜਾਂ ਰੁਪਏ ਖਰਚ ਕੇ ਪੁਲਸ ਨੂੰ ਹਾਈਟੈੱਕ ਕਰਨ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ। ਦੂਜੇ ਪਾਸੇ ਸਾਹਕੋਟ ਪੁਲਸ ਇਨ੍ਹਾਂ ਦਾਅਵਿਆਂ ਤੋਂ ਕੋਹਾਂ ਦੂਰ ਹੈ। ਇਸ ਸਬੰਧੀ ਜਦ ਸ਼ਾਹਕੋਟ ਥਾਣੇ ਦੇ ਏ. ਐੱਸ. ਆਈ. ਪੂਰਨ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਨੂੰ ਐੱਮ. ਐੱਲ. ਆਰ. ਜਰੂਰ ਮਿਲੀ ਸੀ ਪਰ ਅਜੇ ਤਕ ਗੱਡੀ ਟ੍ਰੇਸ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਗੱਡੀ ਦਾ ਨੰਬਰ ਚੰਡੀਗੜ੍ਹ ਦਾ ਹੈ, ਪੰਜਾਬ ਦਾ ਨਹੀਂ, ਜਿਸ ਕਾਰਨ ਪੁਲਸ ਗੱਡੀ ਟ੍ਰੇਸ ਕਰਨ 'ਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਲਾਂਕਿ ਇਸ ਸੰਬੰਧੀ ਸ਼ਾਹਕੋਟ ਦੇ ਐੱਸ. ਐੱਚ. ਓ. ਦਾ ਕਹਿਣਾ ਹੈ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ 'ਚ ਨਹੀਂ ਹੈ।

ਜਿਹੜੇ ਅਫਸਰਾਂ 'ਤੇ ਰੋਕਣ ਦਾ ਜਿੰਮਾ, ਉਹ ਹੀ ਕਰ ਰਹੇ ਨਾਜਾਇਜ ਮਾਈਨਿੰਗ !

ਚੰਡੀਗੜ੍ਹ 11 ਅਪ੍ਰੈਲ। ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ 'ਤੇ ਇੰਟੈਲੀਜੈਂਸ ਵਿੰਗ ਨੇ ਪੰਜਾਬ ਡੀ. ਜੀ. ਪੀ. ਨੂੰ ਇਕ ਰਿਪੋਰਟ ਸੌਂਪੀ ਹੈ। ਇਸ 'ਚ ਖੁਲਾਸਾ ਹੋਇਆ ਹੈ ਕਿ ਜਿਨ੍ਹਾਂ ਅਧਿਕਾਰੀਆਂ 'ਤੇ ਗੈਰ ਕਾਨੂੰਨੀ ਮਾਈਨਿੰਗ ਰੋਕਣ ਦੀ ਜ਼ਿੰਮੇਵਾਰੀ ਸੀ, ਉਹ ਹੀ ਆਪੋ-ਆਪਣੇ ਇਲਾਕੇ 'ਚ ਮਾਈਨਿੰਗ ਕਰਵਾ ਰਹੇ ਸਨ। ਇਸ 'ਚ ਐੱਸ. ਡੀ. ਓ. ਰੈਂਕ ਤੱਕ ਦੇ ਅਧਿਕਾਰੀ ਵੀ ਸ਼ਾਮਲ ਹਨ। ਦੱਸਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਇਕ ਰਿਪੋਰਟ ਤਿਆਰ ਕਰਨ ਦੇ ਹੁਕਮ ਜਾਰੀ

ਕੀਤੇ ਸਨ। ਇਸ 'ਤੇ ਇੰਟੈਲੀਜੈਂਸ ਨੇ ਤਰਨਤਾਰਨ, ਪਠਾਨਕੋਟ, ਗੁਰਦਾਸਪੁਰ, ਜਲੰਧਰ ਅਤੇ ਹੁਸ਼ਿਆਰਪੁਰ ਨੂੰ ਲੈ ਕੇ ਮੌਜੂਦਾ ਹਾਲਾਤ 'ਤੇ ਰਿਪੋਰਟ ਬਣਾਈ ਹੈ। ਇਸ ਰਿਪੋਰਟ ਨੂੰ ਡੀ. ਜੀ. ਪੀ. ਨੂੰ ਸੌਂਪਦੇ ਹੋਏ ਇੰਟੈਲੀਜੈਂਸੀ ਮੁਖੀ ਨੇ ਅਗਲੀ ਕਾਰਵਾਈ ਲਈ ਡੀ. ਜੀ. ਪੀ. ਨੂੰ ਲਿਖਿਆ ਹੈ। ਇਸ ਰਿਪੋਰਟ ਦੌਰਾਨ ਜਲੰਧਰ 'ਚ ਸਤਲੁਜ ਨਹਿਰ ਕਿਨਾਰੇ ਸਥਿਤ ਪਿੰਡ ਸਿਆਣੀ 'ਚ ਗੈਰ ਕਾਨੂੰਨੀ ਮਾਈਨਿੰਗ ਦਾ ਕਾਰੋਬਾਰ ਚੱਲਦੇ ਹੋਏ ਮਿਲਿਆ। ਅਤੇ ਹੁਸ਼ਿਆਰਪੁਰ 'ਚ 150 ਏਕੜ ਜਮੀਨ 'ਤੇ ਗੈਰ-ਕਾਨੂੰਨੀ ਮਾਈਨਿੰਗ ਹੋ ਰਹੀ ਹੈ।

ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ ਲੋਕਾਂ ਨਾਲ 45 ਕਰੋੜ ਦੀ ਠੱਗੀ ਮਾਰਣ ਵਾਲੇ 2 ਕਾਬੂ

ਫ਼ਰੀਦਕੋਟ 11 ਅਪ੍ਰੈਲ। ਨੇਚਰ ਹਾਈਟਸ ਦੇ ਨਾਮ 'ਤੇ ਫਰਮ ਚਲਾ ਕੇ ਲੋਕਾਂ ਨੂੰ ਪੈਸਾ ਦੁੱਗਣਾ ਕਰਨ ਦਾ ਝਾਂਸਾ ਦੇ ਸੂਬੇ ਅਤੇ ਬਾਹਰਲੀਆਂ ਸਟੇਟਾਂ ਵਿਚ ਕਰੋੜਾਂ ਦੀ ਠੱਗੀ ਮਾਰਣ ਦੇ ਦੋਸ਼ ਤਹਿਤ ਸਥਾਨਕ ਥਾਣਾ ਸਿਟੀ ਵਿਖੇ ਦਰਜ ਇਕ ਪੁਰਾਣੇ ਮਾਮਲੇ ਵਿਚ ਪੁਲਸ ਵੱਲੋਂ ਇਕ ਔਰਤ ਸਮੇਤ ਦੋ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਿਲ ਕੀਤੀ ਹੈ ਜੋ ਕਾਫੀ ਸਮੇਂ ਪੁਲਸ ਨੂੰ ਚਕਮਾ ਦਿੰਦੇ ਆ ਰਹੇ ਹਨ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਥਾਣਾ ਸਿਟੀ ਵਿਖੇ ਸਾਲ 2017 ਵਿਚ ਫ਼ਰੀਦਕੋਟ ਦੇ ਲੋਕਾਂ ਨਾਲ ਇਸ ਫਰਮ ਵੱਲੋਂ 91 ਲੱਖ ਦੀ ਠੱਗੀ ਮਾਰ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ ਜਿਸ'ਤੇ ਥਾਣਾ

ਸਿਟੀ ਮੁਲਜਮ ਨਰੇਸ਼ ਕੁਮਾਰ ਡਾਇਰੈਕਟਰ ਨੇਚਰ ਹਾਈਟਸ ਇਨਫਰਾ ਲਿਮਟਿਡ, ਮੋਨਿਕਾ ਤੁਲੀ ਆਥੋਰਾਇਜ਼ਡ ਨੇਚਰ ਹਾਈਟਸ ਇਨਫਰਾ ਲਿਮਟਿਡ ਅਤੇ ਗੌਰਵ ਛਾਬੜਾ ਡਾਇਰੈਕਟਰ 'ਤੇ ਦਰਜ ਕੀਤਾ ਗਿਆ ਸੀ। ਲੰਬੇ ਸਮੇਂ ਬਾਅਦ ਪੁਲਸ ਵੱਲੋਂ ਉਕਤ ਵਿੱਚੋਂ ਦੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਤੀਸਰੇ ਗੌਰਵ ਛਾਬੜਾ ਦੀ ਗ੍ਰਿਫ਼ਤਾਰੀ ਬਾਕੀ ਹੈ। ਇਨ੍ਹਾਂ ਮੁਲਜ਼ਮਾਂ ਨੇ ਲੋਕਾਂ ਨਾਲ ਕੁੱਲ 45 ਕਰੋੜ ਰੁਪਏ ਦੀ ਠੱਗੀ ਮਾਰੀ ਅਤੇ ਇਹ ਵੀ ਪਤਾ ਲੱਗਾ ਹੈ ਕਿ ਪੁਲਸ ਕਾਰਵਾਈ ਦੌਰਾਨ ਇਨ੍ਹਾਂ ਮੁਲਜ਼ਮਾਂ ਦੇ ਬੈਂਕ ਖਾਤਿਆਂ ਜਿਨ੍ਹਾਂ ਵਿਚ ਕਰੋੜਾਂ ਰੁਪਏ ਜਮ੍ਹਾਂ ਹਨ ਅਤੇ ਸੰਪਤੀ ਵੀ ਜਬਤ ਕਰ ਲਈ ਗਈ ਹੈ। ਪੁਲਸ ਸੂਤਰਾਂ ਅਨੁਸਾਰ ਪੁਲਸ ਵੱਲੋਂ ਮੁਲਜ਼ਮਾਂ ਦਾ ਪੁਲਸ ਰਿਮਾਂਡ ਲੈ ਕੇ ਪੁੱਛ ਗਿੱਛ ਜਾਰੀ ਹੈ ਜਦਕਿ ਅਬੋਹਰ ਅਤੇ ਫਾਜ਼ਿਲਕਾ ਦੀਆਂ ਪੁਲਸ ਟੀਮਾਂ ਵੱਲੋਂ ਵੀ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਐਤਕੀਂ ਚਮਕੇਗਾ ਪੰਜਾਬ ਦੇ ਕਿਸਾਨਾਂ ਦਾ 'ਸੋਨਾ' ! ਪ੍ਰਾਈਵੇਟ ਖਰੀਦ ਵਧਣ ਨਾਲ ਸਰਕਾਰੀ ਭਾਅ ਤੋਂ ਉੱਪਰ ਜਾਵੇਗੀ ਕੀਮਤ

ਚੰਡੀਗੜ੍ਹ 11 ਅਪ੍ਰੈਲ। ਇਸ ਵਾਰ ਬਾਜਾਰ ਵਿਚ ਕਿਸਾਨਾਂ ਦਾ 'ਸੋਨਾ' ਚਮਕਣ ਦੀ ਉਮੀਦ ਹੈ। ਇਸ ਵਾਰ ਕਣਕ ਦੀ ਪ੍ਰਾਈਵੇਟ ਖਰਦੀ ਦੋਗੁਣਾ ਤੋਂ ਵੀ ਵੱਧ ਹੋਣ ਦੀ ਆਸ ਹੈ, ਉੱਥੇ ਹੀ ਕੇਂਦਰ ਦੇ ਅਨਾਜ ਦਾ ਸਟਾਕ ਵੀ ਘਟਿਆ ਹੈ। ਪੰਜਾਬ ਵਿਚ ਭਾਵੇਂ ਕਣਕ ਦੀ ਸਰਕਾਰੀ ਖਰੀਦ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ, ਪਰ ਵਾਢੀ ਦਾ ਕੰਮ ਵਿਸਾਖੀ ਮਗਰੋਂ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਕੇਂਦਰੀ ਪੂਲ ਵਿਚ ਕਣਕ ਦਾ ਭੰਡਾਰ ਘੱਟ ਕੇ 9.7 ਮਿਲੀਅਨ ਟਨ ਹੋ ਚੁੱਕਿਆ ਹੈ। ਇਸ ਸੀਜਨ ਪੰਜਾਬ ਵਿਚ ਕਣਕ ਦੀ 161.31 ਲੱਖ ਮੀਟਰਿਕ ਟਨ ਪੈਦਾਵਾਰ ਅਤੇ 132 ਲੱਖ ਮੀਟਰਿਕ ਟਨ ਕਣਕ ਮੰਡੀਆਂ ਵਿਚ ਆਉਣ ਦੀ ਸੰਭਾਵਨਾ ਹੈ। ਪਿਛਲੇ ਸੀਜ਼ਨ ਵਿਚ ਪ੍ਰਾਈਵੇਟ ਵਪਾਰੀਆਂ ਨੇ 4.50 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਸੀ, ਜਦੋਂ ਕਿ ਇਸ ਵਾਰ 10 ਲੱਖ ਮੀਟਰਿਕ ਟਨ ਕਣਕ ਖਰੀਦੇ ਜਾਣ ਦੀ ਆਸ ਹੈ। ਇਸ ਵਾਰ ਬੰਪਰ ਫਸਲ ਹੋਣ ਦੇ ਕਿਆਸ ਲਗਾਏ ਜਾ ਰਹੇ ਹਨ। ਹਾਲਾਂਕਿ ਸਰਦੀ ਲੰਮੀ ਚਲੀ ਜਾਣ ਕਰਕੇ ਅਤੇ ਮਾਰਚ ਦੇ ਅੰਤ ਵਿਚ ਹੋਈ ਬੇਮੌਸਮੀ ਬਰਸਾਤ ਕਾਰਨ ਵਾਢੀ ਦੋ ਹਫਤੇ ਪਛੜ ਸਕਦੀ ਹੈ। ਵਿਸ਼ਵ ਪੱਧਰ 'ਤੇ ਕਣਕ ਦੀ ਮੰਗ ਵਧ ਰਹੀ ਹੈ ਜਦੋਂ ਕਿ ਪੈਦਾਵਾਰ ਸਥਿਰ ਹੈ। ਪੰਜਾਬ ਵਿਚ ਕਣਕ ਹੇਠ ਕਰੀਬ 35 ਲੱਖ ਹੈਕਟੇਅਰ ਰਕਬਾ ਹੈ। ਪੰਜਾਬ ਦੇ ਖੁਰਾਕ ਤੇ ਸਪਲਾਈ ਵਿਭਾਗ ਦੇ ਸਕੱਤਰ ਵਿਕਾਸ ਗਰਗ ਨੇ ਦੱਸਿਆ ਕਿ ਐਤਕੀਂ ਪ੍ਰਾਈਵੇਟ ਖਰੀਦ ਦਾ ਅੰਕੜਾ 10 ਲੱਖ ਮੀਟਰਿਕ ਟਨ ਤੱਕ ਪਹੁੰਚ ਸਕਦਾ ਹੈ ਕਿਉਂਕਿ ਫੀਲਡ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਵੱਡੀਆਂ ਫੂਡ ਕੰਪਨੀਆਂ ਮੰਡੀਆਂ ਵਿਚ ਕਮਿਸ਼ਨ ਏਜੰਟਾਂ ਤੱਕ ਪਹੁੰਚ ਕਰ ਰਹੀਆਂ ਹਨ। ਇਸ ਵਾਰ ਕਣਕ ਦਾ ਸਰਕਾਰੀ ਭਾਅ 2275 ਰੁਪਏ ਪ੍ਰਤੀ ਕੁਇੰਟਲ

ਐਲਾਨਿਆ ਗਿਆ ਹੈ, ਪ੍ਰੰਤੂ ਹਾਲਾਤ ਤੋਂ ਜਾਪਦਾ ਹੈ ਕਿ ਕਣਕ ਦਾ ਭਾਅ ਇਸ ਵਾਰ ਸਰਕਾਰੀ ਭਾਅ ਤੋਂ ਉੱਪਰ ਜਾਵੇਗਾ। ਇਸ ਦਾ ਕਿਸਾਨਾਂ ਨੂੰ ਫਾਇਦਾ ਹੋਵੇਗਾ। ਰਾਜਪੁਰਾ ਦੇ ਕਮਿਸ਼ਨ ਏਜੰਟ ਮਹਿੰਦਰ ਕ੍ਰਿਸ਼ਨ ਚੰਦ ਅਰੋੜਾ ਨੇ ਦੱਸਿਆ ਕਿ ਕੁੱਝ ਵੱਡੀਆਂ ਫੂਡ ਪ੍ਰੋਸੈਸਿੰਗ ਕੰਪਨੀਆਂ ਨੇ ਕਪੂਰਥਲਾ, ਅੰਮ੍ਰਿਤਸਰ ਲਤੇ ਬਠਿੰਡਾ ਜ਼ਿਲ੍ਹੇ ਦੇ ਏਜੰਟਾਂ ਨੂੰ ਥੋਕ ਵਿਚ ਕਣਕ ਖਰੀਦਣ ਲਈ ਕਿਹਾ ਹੈ। ਉਨ੍ਹਾਂ ਮੁਤਾਬਕ ਕਿਸਾਨਾਂ ਨੂੰ ਕਣਕ ਦਾ 25 ਤੋਂ 30 ਰੁਪਏ ਪ੍ਰਤੀ ਕੁਇੰਟਲ ਵੱਧ ਭਾਅ ਮਿਲ ਸਕਦਾ ਹੈ। ਪੰਜਾਬ ਰੋਲਰ ਮਿੱਲਜ਼ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਘਈ ਨੇ ਕਿਹਾ ਕਿ ਉਹ ਇਸ ਸਾਲ ਮੰਡੀਆਂ 'ਚੋਂ ਵਧੇਰੇ ਕਣਕ ਦੀ ਖਰੀਦ ਕਰਨਗੇ। ਉਨ੍ਹਾਂ ਮੰਗ ਕੀਤੀ ਕਿ ਜੇਕਰ ਸੂਬਾ ਸਰਕਾਰ ਪੇਂਡੂ ਵਿਕਾਸ ਫੰਡ ਅਤੇ ਮਾਰਕੀਟ ਫੀਸ ਨੂੰ ਦੂਸਰੇ ਸੂਬਿਆਂ ਦੇ ਬਰਾਬਰ ਵੀ ਕਰ ਦੇਵੇ ਤਾਂ ਪ੍ਰਾਈਵੇਟ ਕੰਪਨੀਆਂ ਖਰੀਦ ਵਿਚ ਹੋਰ ਉਤਸ਼ਾਹ ਦਿਖਾਉਣਗੀਆਂ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੀ ਓਪਨ ਮਾਰਕੀਟ ਸੇਲ ਸਕੀਮ ਤਹਿਤ ਕਣਕ ਦੀ ਰਾਖਵੀਂ ਕੀਮਤ 2300 ਰੁਪਏ ਪ੍ਰਤੀ ਕੁਇੰਟਲ ਰੱਖੀ ਗਈ ਹੈ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਇਸ ਵਾਰ ਦੂਸਰੇ ਕਈ ਸੂਬਿਆਂ 'ਚੋਂ ਕਣਕ ਦੀ ਖਰੀਦ ਦਾ ਟੀਚਾ ਵੀ ਵਧਾ ਦਿੱਤਾ ਹੈ।

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਨੇ ਕੱਢਿਆ ਫਲੈਗ ਮਾਰਚ

ਧੂਰੀ 11 ਅਪ੍ਰੈਲ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਥਾਣਾ ਸਦਰ ਧੂਰੀ ਦੇ ਮੁਖੀ ਇੰਸਪੈਕਟਰ ਜਗਦੀਪ ਸਿੰਘ ਦੀ ਅਗਵਾਈ ਹੇਠ ਸਥਾਨਕ ਪੁਲਸ ਮੁਲਾਜਮਾਂ ਵੱਲੋਂ ਸ਼ਹਿਰ ਭਰ 'ਚੋਂ ਫਲੈਗ ਮਾਰਚ ਕੱਢਿਆ ਗਿਆ। ਇਸ ਦੌਰਾਨ ਕੇਂਦਰੀ ਸੁਰੱਖਿਆ ਬਲ ਦੇ ਕਰਮਚਾਰੀ ਵੀ ਮੌਜੂਦ ਸਨ। ਇਸ ਮੌਕੇ ਇੰਸਪੈਕਟਰ ਜਗਦੀਪ ਸਿੰਘ ਨੇ ਕਿਹਾ ਕਿ ਇਹ ਫਲੈਗ ਮਾਰਚ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ 'ਚ ਸੁਰੱਖਿਅਤ ਹੋਣ ਦੀ ਭਾਵਨਾ ਯਕੀਨੀ ਬਣਾਉਣ ਦੇ ਮੰਤਵ ਨਾਲ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਿਰਪੱਖ ਢੰਗ ਨਾਲ ਲੋਕ ਸਭਾ ਚੋਣਾਂ ਦਾ ਕੰਮ ਨੇਪਰੇ ਚੜ੍ਹਨ ਲਈ ਪੁਲਸ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰ ਕੇ ਸ਼ੱਕੀ ਵਿਅਕਤੀਆਂ/ਵਾਹਨਾਂ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਨੂੰ ਵੀ ਵਿਅਕਤੀ ਨੂੰ ਇਲਾਕੇ 'ਚ ਅਮਨ ਸ਼ਾਂਤੀ ਭੰਗ ਨਹੀ ਕਰਨ ਦਿੱਤੀ ਜਾਵੇਗੀ ਅਤੇ ਅਜਿਹਾ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ।

ਖੁਸ਼ੀ-ਖੁਸ਼ੀ ਭਰਾ ਨਾਲ ਆਸਟ੍ਰੇਲੀਆ ਤੋਂ ਆਇਆ ਵੀਜਾ ਲੈਣ ਜਾ ਰਹੀ ਸੀ ਭੈਣ

ਮਲੋਟ 11 ਅਪ੍ਰੈਲ। ਬੀਤੇ ਦਿਨੀਂ ਮਲੋਟ ਬਠਿੰਡਾ ਰੋਡ 'ਤੇ ਵਾਪਰੇ ਦਰਦਨਾਕ ਹਾਦਸੇ ਵਿਚ ਇਕ ਭੈਣ ਦੀ ਮੌਤ ਹੋ ਗਈ। ਹਾਦਸੇ 'ਚ ਮਿੱਟੀ ਵਾਲੇ ਟਿੱਪਰ ਨੇ ਇਕ ਮੋਟਰਸਾਈਕਲ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਕਰਕੇ ਮੋਟਰਸਾਈਕਲ ਸਵਾਰ ਭੈਣ ਦੀ ਜਾਨ ਚਲੀ ਗਈ ਜਦ ਕਿ ਭਰਾ ਗੰਭੀਰ ਰੂਪ ਵਿਚ ਜਖਮੀ ਹੈ। ਜਖਮੀ ਨੂੰ ਇਲਾਜ ਲਈ ਮਲੋਟ ਸਰਕਾਰੀ ਹਸਪਤਾਲ ਭਰਤੀ ਕਰਾਇਆ ਗਿਆ ਹੈ। ਇਸ ਸਬੰਧੀ ਬਲਵਿੰਦਰ ਸਿੰਘ ਵਾਸੀ ਸਹਿਬਜਾਦਾ

ਖੁਰਾਕ ਸੁਰੱਖਿਆ, ਕਿਸਾਨਾਂ ਦੇ ਮੁੱਦਿਆਂ ਦਾ ਸਥਾਈ ਹੱਲ ਚਾਹੁੰਦੈ ਭਾਰਤ

ਨਵੀਂ ਦਿੱਲੀ 11 ਅਪ੍ਰੈਲ। ਵਿਸਵ ਵਪਾਰ ਸੰਗਠਨ () ਦੀ ਬੈਠਕ 'ਚ ਭਾਰਤ ਖੁਰਾਕ ਸੁਰੱਖਿਆ ਲਈ ਅਨਾਜ ਦੇ ਜਨਤਕ ਭੰਡਾਰਨ 'ਤੇ ਜੋਰ ਦੇਵੇਗਾ ਅਤੇ ਮਛੇਰਿਆਂ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਸਥਾਈ ਹੱਲ ਕੱਢੇਗਾ। ਵਿਸਵ ਵਪਾਰ ਸੰਗਠਨ ਦੀ ਮੰਤਰੀ ਪੱਧਰੀ ਬੈਠਕ ਮੰਗਲਵਾਰ ਤੋਂ ਸ਼ੁਰੂ ਹੋ ਰਹੀ ਹੈ। ਭਾਰਤ ਮੀਟਿੰਗ ਵਿਚ ਨਿਵੇਸ ਸਹੂਲਤ ਸਮਝੌਤੇ ਲਈ ਚੀਨ ਦੀ ਅਗਵਾਈ ਵਾਲੇ ਪ੍ਰਸਤਾਵ ਦਾ ਵੀ ਸਖਤ ਵਿਰੋਧ ਕਰੇਗਾ। ਭਾਰਤੀ ਵਫਦ ਦੀ ਅਗਵਾਈ ਵਣਜ ਅਤੇ ਉਦਯੋਗ ਮੰਤਰੀ ਪੀਯੂਸ ਗੋਇਲ ਕਰ ਰਹੇ ਹਨ। ਚਾਰ ਰੋਜਾ 13ਵੀਂ ਮੰਤਰੀ ਪੱਧਰੀ ਕਾਨਫਰੰਸ (13) 26 ਫਰਵਰੀ ਨੂੰ ਅਬੂ ਧਾਬੀ, ਸੰਯੁਕਤ ਅਰਬ ਅਮੀਰਾਤ () ਵਿਚ ਸ਼ੁਰੂ ਹੋਵੇਗੀ। 164 ਮੈਂਬਰ ਦੇਸਾਂ ਦੇ ਵਪਾਰ ਮੰਤਰੀ ਲਾਲ ਸਾਗਰ ਸੰਕਟ, ਯੂਕਰੇਨ-ਰੂਸ ਯੁੱਧ ਅਤੇ ਇਜਰਾਈਲ-ਹਮਾਸ ਸੰਘਰਸ ਦੇ ਕਾਰਨ ਅਨਿਸਚਿਤ ਵਿਸਵ ਆਰਥਿਕ ਸਥਿਤੀਆਂ ਦੇ ਪਿਛੋਕੜ ਦੇ ਖਿਲਾਫ ਬੈਠਕ ਕਰ ਰਹੇ ਹਨ। ਭਾਰਤ ਮੀਟਿੰਗ ਵਿੱਚ ਆਪਣੇ ਹਿੱਤਾਂ ਦੇ ਮੁੱਦੇ ਪੂਰੀ ਤਾਕਤ ਨਾਲ ਉਠਾਏਗਾ। ਇਨ੍ਹਾਂ ਮੁੱਦਿਆਂ ਵਿੱਚ ਖੁਰਾਕ ਸੁਰੱਖਿਆ, ਖੇਤੀਬਾੜੀ ਸੁਧਾਰ, ਮੱਛੀ ਪਾਲਣ ਸਬਸਿਡੀਆਂ, ਵਿਵਾਦ ਨਿਪਟਾਰਾ ਅਤੇ ਵਿਸਵ ਵਪਾਰ ਸੰਗਠਨ ਸੁਧਾਰ ਸਾਮਲ ਹਨ। ਭਾਰਤ ਖੁਰਾਕ ਸੁਰੱਖਿਆ ਲਈ ਆਪਣੇ ਘੱਟੋ-ਘੱਟ ਸਮਰਥਨ ਮੁੱਲ () ਪ੍ਰੋਗਰਾਮ ਦੇ ਮੁੱਦੇ ਦਾ ਸਥਾਈ ਹੱਲ ਚਾਹੁੰਦਾ ਹੈ। ਪਬਲਿਕ ਸਟੋਰੇਜ () ਪ੍ਰੋਗਰਾਮ ਇਕ ਨੀਤੀਗਤ ਪਹਿਲਕਦਮੀ ਹੈ, ਜਿਸ ਦੇ ਤਹਿਤ ਸਰਕਾਰ ਕਿਸਾਨਾਂ ਤੋਂ ਚੌਲ ਅਤੇ ਕਣਕ ਵਰਗੀਆਂ ਫਸਲਾਂ ਨੂੰ 'ਤੇ ਖਰੀਦਦੀ ਹੈ ਅਤੇ ਗਰੀਬਾਂ ਨੂੰ ਅਨਾਜ ਵੰਡਦੀ ਹੈ। ਦੂਜੇ ਪਾਸੇ ਖੇਤੀਬਾੜੀ 'ਤੇ ਸਮਝੌਤਾ ਘੱਟੋ-ਘੱਟ ਸਮਰਥਨ ਮੁੱਲ 'ਤੇ ਅਨਾਜ ਖਰੀਦਣ ਦੀ ਸਰਕਾਰ ਦੀ ਸਮਰੱਥਾ ਨੂੰ ਸੀਮਤ ਕਰਦਾ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਨੇ ਖੁਰਾਕ ਸਬਸਿਡੀ ਸੀਮਾ ਦੀ ਗਣਨਾ ਕਰਨ ਲਈ ਵਰਤੇ ਜਾਂਦੇ ਫਾਰਮੂਲੇ ਵਿਚ ਸੋਧ ਵਰਗੇ ਉਪਾਅ ਕਰਨ ਲਈ ਕਿਹਾ ਹੈ।

ਮੰਦੀ ਦੀ ਲਪੇਟ 'ਚ ਚੀਨ, ਆਪਣੇ ਸਿਖਰ 'ਤੇ ਪੁੱਜੀ ਬੇਰੁਜਗਾਰੀ, ਲੋਕਾਂ ਨੂੰ ਨਹੀਂ ਮਿਲ ਰਹੀਆਂ ਨੌਕਰੀਆਂ

ਬਿਜਨੈੱਸ ਡੈਸਕ 11 ਅਪ੍ਰੈਲ। ਚੀਨ ਲੰਬੇ ਸਮੇਂ ਤੋਂ ਵਿਸਵ ਵਿਕਾਸ ਦਾ ਇੰਜਣ ਰਿਹਾ ਹੈ। ਦੁਨੀਆ ਦੀ ਇਸ ਸਭ ਤੋਂ ਵੱਡੀ ਅਰਥਵਿਵਸਥਾ ਨੂੰ ਦੁਨੀਆ ਦੀ ਫੈਕਟਰੀ ਕਿਹਾ ਜਾਂਦਾ ਹੈ ਪਰ ਹੁਣ ਚੀਨ ਦੀ ਹਾਲਤ ਬਹੁਤ ਖਰਾਬ ਹੈ। ਚੀਨ ਦੀ ਅਰਥਵਿਵਸਥਾ 'ਚ ਆਈ ਮੰਦੀ ਨੇ ਗਲੋਬਲ ਨੇਤਾਵਾਂ ਅਤੇ ਨਿਵੇਸਕਾਂ ਨੂੰ ਚਿੰਤਤ ਕਰ ਦਿੱਤਾ ਹੈ। ਚੀਨ ਦੇ ਸੇਅਰ ਬਾਜਾਰ 'ਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਵਿਦੇਸੀ ਕੰਪਨੀਆਂ ਆਪਣੇ ਕਾਰੋਬਾਰ ਬੰਦ ਕਰਕੇ ਚੀਨ ਤੋਂ ਭੱਜ ਰਹੀਆਂ ਹਨ। ਵਿਦੇਸੀ ਨਿਵੇਸਕਾਂ ਨੇ ਵੀ ਹੱਥ ਪਿੱਛੇ ਖਿੱਚ ਲਏ ਹਨ। ਜਦੋਂ ਕੋਰੋਨਾ ਪੀਰੀਅਡ ਤੋਂ ਬਾਅਦ ਲੌਕਡਾਊਨ ਹਟਾਇਆ ਗਿਆ ਤਾਂ ਚੀਨ ਵਿੱਚ ਰੀਅਲ ਅਸਟੇਟ ਸੰਕਟ ਹੋਰ ਡੂੰਘਾ ਹੋ ਗਿਆ। ਉਥੋਂ ਦੇ ਲੋਕ ਬੇਰੁਜਗਾਰੀ ਅਤੇ ਮਹਿੰਗਾਈ ਨਾਲ ਜੂਝ ਰਹੇ ਹਨ। ਲੋਕ ਰੁਜਗਾਰ ਲਈ ਘਰ-ਘਰ ਭਟਕ ਰਹੇ ਹਨ। ਹੁਣ ਚੀਨ ਵਿੱਚ ਬੇਰੁਜਗਾਰਾਂ ਦੀ ਫੌਜ ਵਧ ਰਹੀ ਹੈ। ਚੀਨ ਦੇ ਆਰਥਿਕ ਹਾਲਤ ਤੇਜੀ ਨਾਲ ਖਰਾਬ ਹੋ ਰਹੀ ਹੈ। ਚੀਨ ਆਰਥਿਕ ਮੰਦੀ ਵਿਚ ਫਸਦਾ ਜਾ ਰਿਹਾ ਹੈ। ਚੀਨ ਦੀ ਅਰਥਵਿਵਸਥਾ 'ਤੇ ਇਸ ਦਾ ਹੁਣ ਅਸਰ ਦਿਖਾਈ ਦੇ ਰਿਹਾ ਹੈ। ਚੀਨ ਵਿਚ ਮਜਦੂਰਾਂ ਦੇ ਵਿਰੋਧ ਪ੍ਰਦਰਸ਼ਨ ਤੇਜੀ ਨਾਲ ਵੱਧ ਰਹੇ ਹਨ। ਖਾਸ ਕਰਕੇ ਚੰਦਰ ਨਵੇਂ ਸਾਲ ਤੋਂ ਪਹਿਲਾਂ ਜੋ ਪਿਛਲੇ ਹਫਤੇ ਦੇਰ ਨਾਲ ਸ਼ੁਰੂ ਹੋਇਆ ਸੀ। ਮੀਡੀਆ ਰਿਪੋਰਟਾਂ ਦੇ ਅਨੁਸਾਰ

ਨਿਊਯਾਰਕ ਸਥਿਤ ਅੰਤਰਰਾਸ਼ਟਰੀ ਅਧਿਕਾਰ ਸਮੂਹ ਫ੍ਰੀਡਮ ਹਾਊਸ ਦੇ ਚੀਨ ਵਿਚ ਵਿਰੋਧ ਪ੍ਰਦਰਸ਼ਨਾਂ 'ਤੇ ਨਜਰ ਰੱਖਣ ਵਾਲੇ ਚਾਈਨਾ ਅਸਹਿਮਤੀ ਮਾਨੀਟਰ ਦੁਆਰਾ ਇਕੱਠੇ ਕੀਤੇ ਗਏ ਅੰਕੜਿਆ ਦੇ ਅਨੁਸਾਰ 2022 ਦੀ ਇਸੇ ਮਿਆਦ ਦੇ ਮੁਕਾਬਲੇ ਵਿਚ 2023 ਦੀ ਚੌਥੀ ਤਿਮਾਹੀ ਵਿਚ ਮਜਦੂਰਾਂ ਦਾ ਵਿਰੋਧ ਤਿੰਨ ਗੁਣਾ ਤੋਂ ਜ਼ਿਆਦਾ ਵੱਧ ਗਿਆ। ਮਜਦੂਰਾਂ ਦੇ ਵਿਰੋਧ ਨੂੰ ਅਕਸਰ ਉਜਰਤ ਵਿਵਾਦਾਂ ਅਤੇ ਪੇਸੇਵਾਰ ਸੁਰੱਖਿਆ ਨਾਲ ਜੋੜਿਆ ਜਾਂਦਾ ਹੈ। ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਨੂੰ ਵੀ ਕਈ ਮੋਰਚਿਆਂ 'ਤੇ ਸੰਘਰਸ ਕਰਨਾ ਪੈ ਰਿਹਾ ਹੈ। ਦੇਸ 'ਚ ਬੇਰੁਜਗਾਰੀ ਸਿਖਰ 'ਤੇ ਹੈ, ਲੋਕ ਖਰਚ ਕਰਨ ਦੀ ਬਜਾਏ ਬੱਚਤ ਕਰਨ 'ਚ ਲੱਗੇ ਹੋਏ ਹਨ। ਰੀਅਲ ਅਸਟੇਟ ਡੂੰਘੀ ਮੁਸੀਬਤ ਵਿੱਚ ਹੈ। ਵਿਦੇਸੀ ਕੰਪਨੀਆਂ ਅਤੇ ਨਿਵੇਸਕ ਆਪਣਾ ਝੋਲਾ ਭਰ ਰਹੇ ਹਨ। ਨਿਵੇਸਕਾਂ ਦਾ ਹੁਣ ਚੀਨ ਤੋਂ ਮੋਹ ਭੰਗ ਹੋ ਰਿਹਾ ਹੈ, ਜੋ ਲਗਭਗ ਦੋ ਦਹਾਕਿਆਂ ਤੋਂ ਵਿਸਵ ਦਾ ਵਿਕਾਸ ਇੰਜਣ ਸੀ। ਆਉਣ ਵਾਲੇ ਸਾਲਾਂ ਵਿੱਚ ਚੀਨ ਦੀ ਆਰਥਿਕਤਾ ਵਿੱਚ ਲਗਾਤਾਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਰੀਅਲ ਅਸਟੇਟ ਸੰਕਟ ਚੀਨ ਦੀ ਪੂਰੀ ਅਰਥਵਿਵਸਥਾ ਨੂੰ ਡੁੱਬ ਸਕਦਾ ਹੈ। ਚੀਨ ਦੇ ਜੀਡੀਪੀ ਵਿੱਚ ਰੀਅਲ ਅਸਟੇਟ ਦਾ ਯੋਗਦਾਨ ਲਗਭਗ 30 ਫੀਸਦੀ ਹੈ।

ਸੁਖਨਾ ਝੀਲ 'ਚ ਸ਼ੱਕੀ ਹਾਲਾਤ 'ਚ ਮਿਲੀਆਂ ਮਰੀਆਂ ਹੋਈਆਂ ਮੱਛੀਆਂ

ਚੰਡੀਗੜ੍ਹ 11 ਅਪ੍ਰੈਲ। ਸੁਖਨਾ ਝੀਲ 'ਚ ਸ਼ੱਕੀ ਹਾਲਾਤ 'ਚ ਮੱਛੀਆਂ ਮਰੀਆਂ ਪਾਈਆਂ ਗਈਆਂ ਹਨ, ਜਿਨ੍ਹਾਂ ਦੇ ਸੈਂਪਲ ਲੈ ਕੇ ਲੈਬਾਰਟਰੀ 'ਚ ਭੇਜ ਦਿੱਤੇ ਗਏ ਹਨ। ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਮੱਛੀਆਂ ਦੀ ਮੌਤ ਦਾ ਕਾਰਨ ਕੀ ਹੈ। ਸਾਰੀਆਂ ਮਰੀਆਂ ਮੱਛੀਆਂ ਰੈਗੂਲੇਟਰੀ ਐਂਡ ਦੇ ਨੇੜੇ ਪਾਈਆਂ ਗਈਆਂ ਹਨ, ਜਿਸ ਦੀ ਪੁਸ਼ਟੀ ਪਸ਼ੂ ਅਤੇ ਮੱਛੀ ਪਾਲਣ ਵਿਭਾਗ ਦੇ ਸੰਯੁਕਤ ਨਿਰਦੇਸ਼ਕ ਡਾ. ਕੰਵਲਜੀਤ ਸਿੰਘ ਨੇ ਵੀ ਕੀਤੀ ਹੈ। ਅਧਿਕਾਰੀ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਇਹ ਮੱਛੀਆਂ ਸੁਖਨਾ ਦੀਆਂ ਹਨ ਜਾਂ ਬਾਹਰੋਂ ਇੱਥੇ ਲਿਆਂਦੀਆਂ ਗਈਆਂ ਹਨ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਰਾਤ ਸਮੇਂ ਕੁੱਝ ਸ਼ਰਾਰਤੀ ਅਨਸਰਾਂ ਨੇ ਬਾਹਰੋਂ ਲਿਆਂਦੀਆਂ ਮੱਛੀਆਂ ਨੂੰ ਪਾਣੀ ਵਿਚ ਸੁੱਟ ਦਿੱਤਾ, ਜੋ ਕਿ ਅੱਤ ਦੀ ਠੰਡ ਕਾਰਨ ਮਰ ਗਈਆਂ ਹੋਣਗੀਆਂ। ਮੱਛੀ ਪਾਲਣ ਵਿਭਾਗ ਇਸ ਪੂਰੇ ਮਾਮਲੇ 'ਤੇ ਨਜ਼ਰ ਰੱਖ ਰਿਹਾ ਹੈ। ਜਦੋਂ ਤੋਂ ਇਹ ਮੱਛੀਆਂ ਪਾਈਆਂ ਗਈਆਂ ਹਨ, ਦੇਰ ਸ਼ਾਮ ਤੱਕ ਕੋਈ ਹੋਰ ਮਰੀ ਹੋਈ ਮੱਛੀ ਨਹੀਂ ਮਿਲੀ ਹੈ, ਜਿਸ ਤੋਂ ਬਾਅਦ ਵਿਭਾਗ ਨੇ ਫਿਲਹਾਲ ਮੱਛੀਆਂ ਵਿਚ ਕੋਈ ਬਿਮਾਰੀ ਫੈਲਣ ਤੋਂ ਇਨਕਾਰ ਕੀਤਾ ਹੈ। ਡਾ.ਕੰਵਲਜੀਤ ਸਿੰਘ ਅਨੁਸਾਰ 7 ਮਰੀਆਂ ਹੋਈਆਂ ਮੱਛੀਆਂ ਦੇ ਸੈਂਪਲ ਜਾਂਚ ਲਈ ਪੰਜਾਬ ਯੂਨੀਵਰਸਿਟੀ ਦੇ ਜੀਓਲਾਜ਼ੀ ਵਿਭਾਗ ਨੂੰ ਭੇਜੇ ਗਏ ਹਨ, ਜਿੱਥੋਂ 2 ਦਿਨਾਂ ਦੇ ਅੰਦਰ ਰਿਪੋਰਟ ਆਉਣ ਦੀ ਸੰਭਾਵਨਾ ਹੈ

ਭਾਰਤ ਯੂਕੇ ਦੇ ਸਿੱਖਾਂ 'ਤੇ ਕਰ ਰਿਹਾ ਅੰਤਰਰਾਸਟਰੀ ਦਮਨ: ਪ੍ਰੀਤ ਕੌਰ ਗਿੱਲ

ਨਵੀਂ ਦਿੱਲੀ 11 ਅਪ੍ਰੈਲ। (ਮਨਪ੍ਰੀਤ ਸਿੰਘ ਖਾਲਸਾ):- ਬਰਤਾਨਵੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਹਾਊਸ ਆਫ ਕਾਮਨਜ ਦੇ ਫਲੋਰ 'ਤੇ 'ਭਾਰਤ ਨਾਲ ਸਬੰਧ ਰੱਖਣ ਵਾਲੇ ਏਜੰਟਾਂ' 'ਤੇ ਬ੍ਰਿਟਿਸ ਸਿੱਖਾਂ 'ਤੇ ਅੰਤਰ-ਰਾਸਟਰੀ ਜਬਰ ਦਾ ਦੋਸ ਲਾਇਆ ਹੈ। ਸੋਮਵਾਰ ਨੂੰ ਗ੍ਰਹਿ ਦਫਤਰ ਨੂੰ ਜ਼ੁਬਾਨੀ ਸਵਾਲਾਂ ਵਿੱਚ, ਸਿੱਖ ਸੰਸਦ ਮੈਂਬਰ, ਪ੍ਰੀਤ ਕੌਰ ਗਿੱਲ ਨੇ ਪੁੱਛਿਆ ਕਿ ਸੁਰੱਖਿਆ ਮੰਤਰੀ ਟੌਮ ਤੁਗੇਂਧਾਟ ਨੇ "ਦੁਸਮਣ ਰਾਜਾਂ ਦੁਆਰਾ ਅੰਤਰਰਾਸਟਰੀ ਦਮਨ ਨਾਲ ਨਜਿੱਠਣ ਲਈ ਆਪਣੇ ਵਿਭਾਗ ਦੁਆਰਾ ਚੁੱਕੇ ਗਏ ਕਦਮਾਂ ਦੀ ਪ੍ਰਭਾਵਸੀਲਤਾ ਦਾ ਕੀ ਮੁਲਾਂਕਣ ਕੀਤਾ ਹੈ"। ਗਿੱਲ ਨੇ ਹੋਮ ਆਫਿਸ ਦੇ ਜ਼ੁਬਾਨੀ ਸਵਾਲਾਂ ਦੌਰਾਨ ਮੁੱਖ ਚੈਂਬਰ ਵਿੱਚ ਕਿਹਾ, "ਹਾਲ ਹੀ ਦੇ ਮਹੀਨਿਆਂ ਵਿੱਚ ਫਾਈਵ ਆਈਜ ਨੇਸਨਜ ਨੇ ਭਾਰਤ ਨਾਲ ਸਬੰਧ ਰੱਖਣ ਵਾਲੇ ਏਜੰਟਾਂ ਦੀਆਂ ਕਾਰਵਾਈਆਂ ਬਾਰੇ ਚਿੰਤਾ ਜਾਹਰ ਕੀਤੀ ਹੈ, ਜੋ ਕਿ ਇੱਥੇ ਯੂਕੇ ਵਿੱਚ ਸਿੱਖ ਕਾਰਕੁਨਾਂ ਨੂੰ ਨਿਸਾਨਾ ਬਣਾਉਂਦੇ ਹਨ। ਉਸਨੇ ਹਰਦੀਪ ਸਿੰਘ ਨਿੱਝਰ ਦੀ ਮੌਤ ਅਤੇ ਸਿੱਖਸ ਫਾਰ ਜਸਟਿਸ ਦੇ ਜਨਰਲ ਵਕੀਲ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕਥਿਤ ਨਾਕਾਮ ਸਾਜਿਸ ਦਾ ਜ਼ਿਕਰ ਕਰਦਿਆਂ ਕਿਹਾ, "ਸਭ ਤੋਂ ਜ਼ਿਆਦਾ ਚਿੰਤਾਜਨਕ ਤੌਰ 'ਤੇ ਕਤਲ ਕੀਤੇ ਗਏ ਹਨ ਅਤੇ ਕਤਲ ਦੀਆਂ ਸਾਜ਼ਿਸਾਂ ਨੂੰ ਨਾਕਾਮ ਕੀਤਾ ਗਿਆ ਹੈ, ਦੋਵਾਂ ਨੂੰ ਭਾਰਤ ਦੁਆਰਾ ਅੱਤਵਾਦੀ ਐਲਾਨਿਆ ਗਿਆ ਹੈ।

ਉਸਨੇ ਜਨਤਕ ਤੌਰ 'ਤੇ "ਉਨ੍ਹਾਂ ਦੀ ਪ੍ਰਭੂਸੱਤਾ, ਕਾਨੂੰਨ ਦੇ ਸਾਸਨ ਅਤੇ ਉਨ੍ਹਾਂ ਦੀਆਂ ਜਮਹੂਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇਣ ਲਈ" ਸੀਨੀਅਰ ਪੱਧਰ 'ਤੇ ਅਗਵਾਈ ਕਰਨ ਲਈ ਯੂਐਸ ਅਤੇ ਕੈਨੇਡੀਅਨ ਅਧਿਕਾਰੀਆਂ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਲੋਕਤੰਤਰ ਵਿੱਚ ਅਸਹਿਮਤੀ ਨੂੰ ਚੁੱਪ ਕਰਾਉਣ ਲਈ "ਅੰਤਰਰਾਸਟਰੀ ਦਮਨ" ਬਹੁਤ ਗੰਭੀਰ ਹੈ। ਉਨ੍ਹਾਂ ਨੇ ਪੁੱਛਿਆ "ਬਰਤਾਨਵੀ ਸਿੱਖਾਂ ਨੂੰ ਇਸ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਦੇ ਮੱਦੇਨਜਰ, ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ

ਕੀ ਕਦਮ ਚੁੱਕ ਰਹੀ ਹੈ ਅਤੇ ਕੀ ਉਹ ਸਾਡੇ ਭਾਈਵਾਲਾਂ ਵਾਂਗ ਜਨਤਕ ਤੌਰ 'ਤੇ ਆਪਣੇ ਜਮਹੂਰੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਉਹੀ ਤਾਕਤ ਦਿਖਾਏਗੀ?" ਤੁਗੇਨਧਾਤ ਨੇ ਜਵਾਬ ਦਿੱਤਾ ਕਿ "ਸਰਕਾਰ ਯੂਕੇ ਵਿੱਚ ਵਿਅਕਤੀਗਤ ਅਧਿਕਾਰਾਂ, ਆਜਾਦੀਆਂ ਅਤੇ ਸੁਰੱਖਿਆ ਲਈ ਸੰਭਾਵੀ ਖਤਰਿਆਂ ਦਾ ਲਗਾਤਾਰ ਮੁਲਾਂਕਣ ਕਰ ਰਹੀ ਹੈ" ਅਤੇ ਵਿਅਕਤੀਆਂ ਨੂੰ ਕਿਸੇ ਵੀ ਖਤਰੇ ਨੂੰ ਘਟਾਉਣ ਲਈ ਆਪਣੀਆਂ ਖੁਫੀਆ ਸੇਵਾਵਾਂ ਦੀ ਵਰਤੋਂ ਕਰਦੀ ਹੈ।

ਉਸਨੇ ਜਨਤਕ ਤੌਰ 'ਤੇ "ਉਨ੍ਹਾਂ ਦੀ ਪ੍ਰਭੂਸੱਤਾ, ਕਾਨੂੰਨ ਦੇ ਸਾਸਨ ਅਤੇ ਉਨ੍ਹਾਂ ਦੀਆਂ ਜਮਹੂਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇਣ ਲਈ" ਸੀਨੀਅਰ ਪੱਧਰ 'ਤੇ ਅਗਵਾਈ ਕਰਨ ਲਈ ਯੂਐਸ ਅਤੇ ਕੈਨੇਡੀਅਨ ਅਧਿਕਾਰੀਆਂ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਲੋਕਤੰਤਰ ਵਿੱਚ ਅਸਹਿਮਤੀ ਨੂੰ ਚੁੱਪ ਕਰਾਉਣ ਲਈ "ਅੰਤਰਰਾਸਟਰੀ ਦਮਨ" ਬਹੁਤ ਗੰਭੀਰ ਹੈ। ਉਸਨੇ ਫਿਰ ਪੁੱਛਿਆ: "ਬਰਤਾਨਵੀ ਸਿੱਖਾਂ ਨੂੰ ਇਸ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਦੇ ਮੱਦੇਨਜਰ, ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕ ਰਹੀ ਹੈ ਅਤੇ ਕੀ ਉਹ ਸਾਡੇ ਭਾਈਵਾਲਾਂ ਵਾਂਗ ਜਨਤਕ ਤੌਰ 'ਤੇ ਆਪਣੇ ਜਮਹੂਰੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਉਹੀ ਤਾਕਤ ਦਿਖਾਏਗੀ?" ਤੁਗੇਨਧਾਤ ਨੇ ਜਵਾਬ ਦਿੱਤਾ ਕਿ "ਸਰਕਾਰ ਯੂਕੇ ਵਿੱਚ ਵਿਅਕਤੀਗਤ ਅਧਿਕਾਰਾਂ, ਆਜਾਦੀਆਂ ਅਤੇ ਸੁਰੱਖਿਆ ਲਈ ਸੰਭਾਵੀ ਖਤਰਿਆਂ ਦਾ ਲਗਾਤਾਰ ਮੁਲਾਂਕਣ ਕਰ ਰਹੀ ਹੈ" ਅਤੇ ਵਿਅਕਤੀਆਂ ਨੂੰ ਕਿਸੇ ਵੀ ਖਤਰੇ ਨੂੰ ਘਟਾਉਣ ਲਈ ਆਪਣੀਆਂ ਖੁਫੀਆ ਸੇਵਾਵਾਂ ਦੀ ਵਰਤੋਂ ਕਰਦੀ ਹੈ।

ਅਸੀਂ ਆਪਣੇ ਪੰਜ ਅੱਖਾਂ ਦੇ ਭਾਈਵਾਲਾਂ ਨਾਲ ਬਹੁਤ ਨਜਦੀਕੀ ਸਬੰਧ ਬਣਾਈ ਰੱਖਦੇ ਹਾਂ। ਅਸੀਂ ਪੂਰੀ ਤਰ੍ਹਾਂ ਸਪੱਸਟ ਹਾਂ ਕਿ ਜਦੋਂ ਜਾਂ ਜੇਕਰ ਸਥਿਤੀ ਬਦਲਦੀ ਹੈ, ਅਤੇ ਸਾਨੂੰ ਕਾਰਵਾਈ ਕਰਨ ਦੀ ਲੋੜ ਹੈ, ਅਸੀਂ ਅਜਿਹਾ ਕਰਾਂਗੇ। ਗਿੱਲ ਕਈ ਅੰਤਰ-ਪਾਰਟੀ ਸੰਸਦ ਮੈਂਬਰਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਹਾਲ ਹੀ ਵਿੱਚ ਯੂਕੇ ਪੁਲਿਸ ਦੁਆਰਾ ਕਈ ਬ੍ਰਿਟਿਸ ਸਿੱਖਾਂ ਨੂੰ "ਜਾਨ ਲਈ ਖਤਰੇ ਦੀਆਂ ਚੇਤਾਵਨੀਆਂ" ਦੀਆਂ ਰਿਪੋਰਟਾਂ ਤੋਂ ਬਾਅਦ ਆਪਣੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਤੁਗੇਂਧਾਤ ਨਾਲ ਮੁਲਾਕਾਤ ਕੀਤੀ ਸੀ।

ਮੋਹਾਲੀ ਪੁਲਸ ਵਲੋਂ ਜੱਗੂ ਭਗਵਾਨਪੁਰੀਆ ਦਾ ਗੁਰਗਾ ਗ੍ਰਿਫਤਾਰ, ਪਾਕਿ ਤੋਂ ਆਇਆ ਅਸਲ ਵੀ ਕੀਤਾ ਬਰਾਮਦ

ਮੋਹਾਲੀ 11 ਅਪ੍ਰੈਲ। ਜ਼ਿਲ੍ਹਾ ਪੁਲਸ ਵਲੋਂ ਅਨਸਰਾਂ ਖ਼ਿਲਾਫ ਚਲਾਈ ਮੁਹਿੰਮ ਤਹਿਤ 4 ਵਿਦੇਸ਼ੀ ਪਿਸਤੌਲਾਂ, 42 ਜ਼ਿੰਦਾ ਰੌਂਦਾਂ ਅਤੇ ਇੱਕ ਫਾਰਚਿਊਨਰ ਕਾਰ ਸਮੇਤ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਥਾਣਾ ਸਿਟੀ ਖਰੜ 'ਚ ਦੋਸ਼ੀ ਗੁਰਇਕਬਾਲਮੀਤ ਸਿੰਘ ਉਰਫ ਰੋਬਿਨ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਹਾਸਾਵਾਲਾ, ਜ਼ਿਲ੍ਹਾ ਤਰਨਤਾਰਨ ਲੋੜੀਂਦਾ ਸੀ ਅਤੇ ਭਗੌੜਾ ਚੱਲ ਰਿਹਾ ਸੀ। ਉਸ ਨੂੰ ਟੈਕਨੀਕਲ ਅਤੇ ਹਿਊਮਨ ਸੋਰਸ ਰਾਹੀਂ ਟਰੇਸ ਕਰਕੇ ਰਾਜਸਥਾਨ ਤੋਂ ਕਾਬੂ ਕੀਤਾ ਗਿਆ। ਉਸ ਪਾਸੋਂ ਤਫਤੀਸ਼ ਦੌਰਾਨ ਹੁਣ ਤੱਕ ਪਾਕਿਸਤਾਨ ਬਾਰਡਰ ਤੋਂ ਡਰੋਨ ਰਾਹੀਂ ਆਏ 4 ਵਿਦੇਸ਼ੀ ਪਿਸਤੌਲ, 02 ਮੈਗਜੀਨ,

ਇੱਕ ਏਅਰਟੈਲ ਡੋਂਗਲ ਸਮੇਤ ਸਿੰਮ ਅਤੇ ਇੱਕ ਫਾਰਚਿਊਨਰ ਕਾਰ ਬਰਾਮਦ ਕੀਤੀ ਗਈ ਹੈ। ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਗੁਰਇਕਬਾਲਮੀਤ ਸਿੰਘ ਜਦੋਂ ਜੇਲ੍ਹ 'ਚ ਬੰਦ ਸੀ, ਉਸ ਸਮੇਂ ਉਹ ਗੈਂਗਸਟਰ ਜੱਗੂ ਭਗਵਾਨਪੂਰੀਆ ਦੇ ਸੰਪਰਕ 'ਚ ਆ ਗਿਆ ਸੀ। ਇਸ ਤੋਂ ਬਾਅਦ ਦੋਸ਼ੀ ਸਾਲ 2023 'ਚ ਜੇਲ੍ਹ 'ਚੋਂ ਜਮਾਨਤ 'ਤੇ ਬ

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

ਸੋਨ ਸੁਨਹਿਰੀ ਕਲਮਾਂ

ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲਾ ਲੇਖਕ

ਅੰਸ਼ ਸਾਗਰ
87086-52098

ਮੈਡੀ ਡੱਬਵਾਲੀ 'ਚ ਜਨਮਿਆ ਪਲ੍ਹਿਆ ਅੰਸ਼ ਅਰੋੜਾ ਆਪਣੇ ਸੁਫ਼ਨੇ ਨੂੰ ਵਿਸ਼ਾਲਤਾ ਦਿੰਦਾ ਕਦੇ ਕਵੀ, ਗਾਇਕ, ਅਦਾਕਾਰ ਤੇ ਕਦੇ ਸਮਾਜ ਸੇਵੀ ਹੁੰਦਾ ਅੱਗੇ ਵਧਦਾ ਹੋਇਆ ਅੰਸ਼ ਸਾਗਰ ਹੋ ਗਿਆ। ਮਾਂ ਡਿੰਪਲ ਤੋਂ ਮਿਲੀ ਸੰਗੀਤਕ ਗੁੜ੍ਹਤੀ ਨੇ ਸਹਿਜ ਸੁਭਾਅ ਹੀ ਬਾਲ ਅੰਸ਼ ਦਾ ਰੁਝਾਨ ਸੰਗੀਤ ਵੱਲ ਕਰਨਾ ਸ਼ੁਰੂ ਕਰ ਦਿੱਤਾ। ਸਗੀਤ ਹੌਲੀ-ਹੌਲੀ ਰੂਹ ਦੀ ਖ਼ੁਰਾਕ ਬਣ ਗਿਆ। ਅੰਸ਼ ਦਾ ਸੁਪਨਾ ਸੰਗੀਤ ਵਿਚ ਹੀ ਆਪਣਾ ਨਾਂ ਬਨਾਉਣ ਦਾ ਬਣ ਗਿਆ। ਇਕ ਵਾਰ ਹਰ ਸਮੇਂ ਸੰਗੀਤਕ ਧੁਨਾਂ 'ਚ ਗਵਾਚੇ ਅੰਸ਼ ਨੂੰ ਪਿਤਾ ਪਵਨ ਕੁਮਾਰ ਪੁੱਛਿਆ ਕਿ ਕੀ ਬਣਨਾ ਹੈ ਤਾਂ ਉਹੀ ਪੁਰਾਣਾ ਮਾਸ਼ੂਮ ਜਵਾਬ ਸੀ 'ਗਾਇਕ'। ਉਮਰ ਦੇ ਨਾਲ-ਨਾਲ ਸਵਾਲ ਦਾ ਅਸਰ ਗਹਿਰਾ ਹੁੰਦਾ ਗਿਆ। ਸਵਾਲ ਭਾਵੇਂ ਉਹੀ ਰਿਹਾ ਪਰ ਜਵਾਬ ਬਦਲ ਕੇ ਪਾਇਲਟ ਬਣ ਜਾਣ 'ਤੇ ਰੁਕਣ ਲੱਗਾ। ਜਵਾਬ ਬਦਲਣ ਨਾਲ ਦਿਲ ਤਾਂ ਨਹੀਂ ਬਦਲਦੇ ਪਰ ਫੇਰ ਵੀ ਅੰਸ਼ ਸਾਗਰ ਨਾਨ-ਮੈਡੀਕਲ ਦੀ ਪੜ੍ਹਾਈ ਲਈ ਤਿਆਰ ਹੋ ਗਿਆ। ਆਈਆਈਟੀ ਦੀ ਤਿਆਰੀ ਲਈ ਦੋ ਸਾਲ ਲਈ ਕੋਟਾ ਵੀ ਭੇਜਿਆ ਗਿਆ ਪਰ ਮਨ ਕਿਤੇ ਹੋਰ ਅਟਕਿਆ ਸੀ। ਇਸ ਦਾ ਅਸਰ ਪ੍ਰੀਖਿਆ ਦੇ ਨਤੀਜਿਆਂ 'ਤੇ ਵੀ ਸਾਫ਼ ਦਿਖਿਆ। ਕੁਝ ਨਾ ਹੁੰਦਾ ਵੇਖ ਮਲੋਟ ਵਿਚ ਐੱਮਐੱਮ ਆਈਟੀ ਕਾਲਜ ਤੋਂ ਮਕੈਨੀਕਲ ਇੰਜੀਨਿਰਿੰਗ ਕੀਤੀ। ਇਸ ਦਾ ਸਿਹਰਾ ਵੀ ਅੰਸ਼ ਬੜੀ ਸਾਫ਼ਗੋਈ ਨਾਲ ਆਪਣੇ ਮਿੱਤਰ ਅਮਰਜੀਤ ਦੇ ਸਿਰ ਬੰਨ੍ਹਦਾ ਹੈ ਜਿਸ ਦੀ ਮਦਦ ਨਾਲ ਉਹ ਕਈ ਔਖੇ-ਔਖੇ ਵਿਸ਼ਿਆਂ ਵਿੱਚੋਂ ਪਾਸ ਹੁੰਦਾ ਰਿਹਾ ਤੇ ਇੰਜਿਨਰਿੰਗ ਦੀ ਪੜ੍ਹਾਈ ਵਕਤ ਰਹਿੰਦੇ ਪੂਰੀ ਕੀਤੀ। ਕਾਲਜ 'ਚ ਹੁੰਦੇ ਯੁਵਕ ਮੇਲਿਆਂ ਵਿਚ ਅੰਸ਼ ਨੇ ਹਰ ਵਾਰ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹਨ ਲਈ ਦੋ ਵਾਰ ਵਿਸ਼ਵਵਿਦਿਆਲੇ ਤੋਂ ਸੋਨ ਤਗਮੇਂ ਵੀ ਜਿੱਤੇ। ਪਿਤਾ ਨੂੰ ਐੱਮਟੈਕ ਦੀ ਥਾਂ ਐੱਮਏ ਉਰਦੂ ਕਰਨ ਲਈ ਮਨਾ ਕੇ ਅੰਸ਼ ਨੇ ਆਪਣਾ ਰੁੱਖ ਚੰਡੀਗੜ੍ਹ ਵੱਲ ਕਰ ਲਿਆ। ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਰੰਗ।

• ਗੁਰਪ੍ਰੀਤ ਮਾਨ
98786-12757

ਕਵਿਤਾ

ਗੁੱਡੀਆਂ ਪਟੋਲੇ

ਬਾਪੂ ਸਿਰ ਰੱਖਿਆ ਤੈਅ ਤਾਜ ਕੁੜੇ ਦਾਜ ਦਾ
ਬਾਪੂ ਤੋਂ ਨਾ ਉੱਤੇ ਹੁੰਦੀ ਪੱਤ ਕਿਸੇ ਹੋਰ ਦੀ
ਗੁੱਡੀ ਤੂੰ ਤਾਂ ਸੱਖਣੀ ਸੱਜ ਬੈਠ ਡੋਲੀ ਨੀ
ਵੀਰ ਤੇਰਾ ਸਾਂਭ ਲਉ ਹਨੇਰੇ ਘਨਘੋਰ ਨੀ
ਤੇਰੇ ਬਿਨਾਂ ਸੁੰਨਾ ਸਾਨੂੰ ਲੱਗਣਾ ਏ ਵਿਹੜਾ ਨੀ
ਇਕ ਅੱਧਾ ਘਰ ਵਿਚ ਘੱਟ ਲੱਗੂ ਗੇੜਾ ਵੀ
ਸਹੁਰਿਆਂ ਦਾ ਘਰ ਭਾਵੇਂ ਆਪਣਾ ਕਹਾਵੇਂਗੀ
ਰਹੇਂਗੀ ਜਿੱਥੇ ਤੂੰ, ਦਿਲ ਓਥੇ ਲਾਵੇਂਗੀ
ਧੀਏ ਤੂੰ ਕੁਆਰੀ ਸੀ ਮੈਂ ਢੂੰਡਦਾ ਸੀ ਵਰ ਤੇਰੇ ਲਈ
ਸ਼ਗਨਾਂ ਦੇ ਦਿਨ ਰੋਕਾਂ ਪੈਜ਼ੂਆਂ ਦੇ ਹੜ੍ਹ ਨੂੰ
ਬੀਤ ਜਾਂਦੀ ਰਾਤ ਸਾਡੀ ਹਾਸਿਆਂ ਤੋਂ ਓਹਲੇ ਨੀ
ਯਾਦ ਤੈਨੂੰ ਆਉਂਦੇ ਹੋਣੇ ਗੁੱਡੀਆਂ ਪਟੋਲੇ ਨੀ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਸੁਖਰਾਜ ਸਿੰਘ ਚਹਿਲ

ਬਿਗਾਨੇ ਮੁਲਕ ਜਾਣ ਦੀ ਲਾਲਸਾ

ਅਜੋਕੇ ਸਮੇਂ ਵਿਚ ਰੰਗਲੇ ਪੰਜਾਬ ਦੇ ਬਹੁਗਿਣਤੀ ਪੰਜਾਬੀਆਂ ਦੀ ਚਾਹਤ ਵਿਦੇਸ਼ਾਂ ਵਿਚ ਜਾ ਕੇ ਰਹਿਣ ਦੀ ਬਣੀ ਹੋਈ ਹੈ। ਹਰ ਵਿਅਕਤੀ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਘਰ-ਬਾਰ ਛੱਡ ਕੇ ਸੱਤ ਸਮੁੰਦਰੋਂ ਪਾਰ, ਚੰਗੀ ਜ਼ਿੰਦਗੀ ਜਿਊਣ ਲਈ ਕਾਹਲਾ ਹੈ। ਇੱਥੇ ਤਾਂ ਸਿਰਫ਼ ਉਹੀ ਲੋਕ ਰਹਿਣ ਲਈ ਮਜਬੂਰ ਹਨ, ਜਿਨ੍ਹਾਂ ਦਾ ਵਿਦੇਸ਼ ਜਾਣ ਲਈ ਕੋਈ ਜ਼ਰੀਆ ਨਹੀਂ ਬਣਦਾ। ਲੱਖਾਂ ਰੁਪਏ ਖ਼ਰਚ ਕੇ ਲੋਕ ਆਪਣਾ ਮੁਲਕ ਛੱਡਣ ਲਈ ਤਿਆਰ ਹਨ ਕਿਉਂਕਿ ਉਹ ਇੱਥੋਂ ਦੇ ਸਿਸਟਮ ਤੋਂ ਪਰੇਸ਼ਾਨ ਹਨ। ਜਿਸ ਕਰਕੇ ਉਹ ਵਿਦੇਸ਼ੀ ਪਰਵਾਸ ਨੂੰ ਹੀ ਆਪਣਾ ਮਿਸ਼ਨ ਸਮਝ ਰਹੇ ਹਨ। ਇਹ ਸਾਡੇ ਦੇਸ਼ ਜਾਂ ਸੂਬੇ ਲਈ ਕੋਈ ਚੰਗੀ ਪ੍ਰਾਪਤ ਦਾ ਸੰਕੇਤ ਨਹੀਂ ਬਲਕਿ ਇਹ ਤਾਂ ਸਾਡੇ ਮੁਲਕ ਲਈ ਚਿੰਤਨ ਕਰਨ ਵਾਲੀ ਗੱਲ ਹੈ। ਮੁਲਕ ਵਿਚ ਜੇ ਕਮੀਆਂ ਹੋਣਗੀਆਂ ਤਾਂ ਹੀ ਲੋਕ ਆਪਣਾ ਸਭ ਕੁਝ ਛੱਡ ਕੇ ਬਿਗਾਨੇ ਮੁਲਕਾਂ ਵਿਚ ਸੈਟਲ ਹੋਣ ਲਈ ਉਤਾਵਲੇ ਹਨ।

ਲੜਕੀ ਦੀ ਪੜ੍ਹਾਈ ਦਾ ਖ਼ਰਚਾ

ਚੰਗੇ ਅੰਕ ਆਉਣ ਉਪਰੰਤ ਉਸ ਦੇ ਵਿਆਹ ਲਈ ਕੋਈ ਲੜਕਾ ਦੇਖਿਆ ਜਾਂਦਾ ਹੈ ਤਾਂ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਵਿਆਹ ਅਤੇ ਵਿਦੇਸ਼ ਭੇਜਣ ਅਤੇ ਉੱਥੋਂ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਲੜਕੇ ਪਰਿਵਾਰ ਨੂੰ ਕਰਨਾ ਪਵੇਗਾ। ਲੋਕ ਵਿਦੇਸ਼ ਜਾਣ ਦੇ ਚਾਹਵਾਨ ਹੋਣ ਕਾਰਨ ਸਾਰੀਆਂ ਸ਼ਰਤਾਂ ਕਬੂਲ ਕੇ ਵਿਆਹ ਤੋਂ ਲੈ ਕੇ ਵਿਦੇਸ਼ੀ ਪੜ੍ਹਾਈ ਤਕ ਦੇ ਸਾਰੇ ਖ਼ਰਚੇ ਲੜਕੇ ਵਾਲੇ ਕਰਦੇ ਹਨ। ਇਹ ਹੁਣ ਰਿਵਾਜ ਬਣਦਾ ਜਾ ਰਿਹਾ ਹੈ।

ਹੁਣ ਇੱਥੇ ਰਹਿਣ ਵਾਲੀਆਂ ਲੜਕੀਆਂ ਦੀ ਮੰਗ ਲਗਾਤਾਰ ਘੱਟਦੀ ਜਾ ਰਹੀ ਹੈ। ਹੁਣ ਵਿਚੋਲਿਆਂ ਕੋਲ ਜ਼ਿਆਦਾਤਰ ਆਈਲੈਟਸ ਪਾਸ ਲੜਕੀਆਂ ਦੇ ਰਿਸ਼ਤਿਆਂ ਦੀ ਗਿਣਤੀ ਵਧੇਰੇ ਹੈ। ਅਜਿਹੇ ਰਿਸ਼ਤਿਆਂ 'ਚ ਵਿਚੋਲਿਆਂ ਦੀ ਵੀ ਚਾਂਦੀ ਬਣ ਰਹੀ ਹੈ ਕਿਉਂਕਿ ਉਹ ਰਿਸ਼ਤੇ ਕਰਵਾਉਣ ਦਾ ਮੋਟਾ ਕਮਿਸ਼ਨ ਵਸੂਲਦੇ ਹਨ। ਕਈ ਲੋਕ ਰਿਸ਼ਤਾ ਕਰਨ ਤੋਂ ਪਹਿਲਾਂ ਇਹ ਗੱਲ ਕਰਦੇ ਹਨ ਕਿ ਜੇਕਰ ਉਹ ਆਪਣੇ ਲੜਕੇ ਜਾਂ ਲੜਕੀ ਨੂੰ ਆਈਲੈਟਸ ਕਰਵਾਉਣ ਤਾਂ ਹੀ ਰਿਸ਼ਤੇ ਦੀ ਗੱਲ ਅੱਗੇ ਤੁਰੇਗੀ।

ਆਈਲੈਟਸ ਨੂੰ ਤਰਜੀਹ

ਅਜਿਹਾ ਵਰਤਾਰਾ ਦੇਖ ਲੋਕ ਲੜਕੀਆਂ ਨੂੰ ਆਈਲੈਟਸ ਕਰਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। 60 ਤੋਂ 70 ਪ੍ਰਤੀਸ਼ਤ ਰਿਸ਼ਤੇ ਵਿਦੇਸ਼ੀ ਪਰਵਾਸ 'ਤੇ ਕੇਂਦਰਿਤ ਹੋ ਗਏ ਹਨ। ਜਿਸ ਕਰਕੇ ਹੁਣ ਇੱਧਰ ਰਹਿੰਦੇ ਲੜਕਿਆਂ ਅਤੇ ਲੜਕੀਆਂ ਦੀ ਪੁੱਛਗਿੱਛ ਘੱਟ ਗਈ ਹੈ। ਜਿਹੜੇ ਲੜਕੇ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਹਨ ਜਾਂ ਇਸ ਤੋਂ ਹੇਠਲੀ ਕਤਾਰ ਵਿਚ ਆਉਂਦੇ ਹਨ ਉਨ੍ਹਾਂ ਲਈ ਇਹ ਵਰਤਾਰਾ ਸਾਰਥਕ ਨਹੀਂ ਸਿੱਧ ਹੋ ਰਿਹਾ ਕਿਉਂਕਿ ਉਹ ਕਿਸੇ ਨੂੰ ਵਿਦੇਸ਼ ਭੇਜਣ 'ਤੇ ਖ਼ਰਚਾ ਨਹੀਂ ਕਰ ਸਕਦੇ ਤੇ ਇੱਧਰ ਉਨ੍ਹਾਂ ਨੂੰ ਆਮ ਰਿਸ਼ਤਾ ਮਿਲਣ ਵਿਚ ਦਿੱਕਤ ਆਉਂਦੀ ਹੈ ਕਿਉਂਕਿ ਹੁਣ ਲੜਕੀਆਂ ਵਿਦੇਸ਼ ਵੱਲ ਜਾ ਰਹੀਆਂ ਹਨ। ਜਿਸ ਕਾਰਨ ਉਹ ਵਧੇਰੇ ਚਿੰਤਤ ਹਨ। ਜਿੱਥੇ ਲੜਕੀਆਂ ਦੀ ਆਈਲੈਟਸ ਕਰਨ ਵਿਚ ਰੁੱਚੀ ਵਧੀ ਹੈ ਉੱਥੇ ਹੀ ਜਿਹੜੇ ਲੜਕੇ ਸਰਦੇ-ਪੁਜਦੇ ਹਨ, ਉਹ ਵੀ ਆਈਲੈਟਸ ਕਰਕੇ ਵਿਦੇਸ਼ ਜਾਣ ਲਈ ਉਤਾਵਲੇ ਹਨ। ਉਹ ਵੀ ਵਿਦੇਸ਼ ਰਹਿੰਦੀ ਕੁੜੀ ਜਾਂ ਫਿਰ ਇਧਰੋਂ ਆਈਲੈਟਸ ਪਾਸ ਲੜਕੀ ਲਈ ਤਲਾਸ਼ ਕਰਦੇ ਹਨ। ਨੌਜਵਾਨਾਂ ਦੀ ਆਈਲੈਟਸ ਕਰਨ ਵੱਲ ਵਧੀ ਦਿਲਚਸਪੀ ਕਾਰਨ ਹੁਣ ਹਰ ਜਗ੍ਹਾ ਉੱਪਰ ਆਈਲੈਟਸ ਕਰਵਾਉਣ ਵਾਲੇ ਕੇਂਦਰਾਂ ਦੀ ਭਰਮਾਰ ਹੈ। ਜਿੱਥੇ ਦੇਖੋ ਆਈਲੈਟਸ ਵਾਲੇ ਸਕੂਲ, ਕਾਲਜ ਨਜ਼ਰੀ ਪੈਂਦੇ ਹਨ। ਹਰ ਕੇਂਦਰ ਵਿਚ ਆਈਲੈਟਸ ਕਰਨ ਵਾਲੇ ਵਿਦਿਆਰਥੀਆਂ ਦਾ ਤਾਂਤਾ ਲੱਗਿਆ ਹੋਇਆ ਹੈ।

ਸਿਸਟਮ ਤੋਂ ਪਰੇਸ਼ਾਨ ਇਨਸਾਨ

ਚੰਗੇ ਕਾਰੋਬਾਰੀ, ਚੰਗੀਆਂ ਜ਼ਮੀਨਾਂ ਜਾਇਦਾਦਾਂ ਅਤੇ ਸਰਕਾਰੀ ਨੌਕਰੀ ਪੇਸ਼ੇ ਨਾਲ ਸਬੰਧਿਤ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵੱਲ ਧੱਕ ਰਹੇ ਹਨ ਕਿਉਂਕਿ ਇੱਥੋਂ ਦੇ ਸਿਸਟਮ ਤੋਂ ਹਰੇਕ ਇਨਸਾਨ ਪਰੇਸ਼ਾਨ ਹੈ। ਨੌਜਵਾਨਾਂ ਤੇ ਆਮ ਲੋਕਾਂ ਦਾ ਆਪਣਾ ਮੁਲਕ ਛੱਡ ਵਿਦੇਸ਼ ਜਾਣਾ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆਂ ਚਿੰਨ੍ਹ ਲਗਾਉਂਦਾ ਹੈ ਕਿਉਂਕਿ ਨੌਜਵਾਨਾਂ ਨੂੰ ਚੰਗੀਆਂ ਪੜ੍ਹਾਈਆਂ ਕਰ ਕੇ ਇੱਥੇ ਰੁਜ਼ਗਾਰ ਨਹੀਂ ਮਿਲਦਾ, ਜੇਕਰ ਮਿਲਦਾ ਹੈ ਤਾਂ ਤਨਖਾਹਾਂ ਨਿਗੂਣੀਆਂ ਮਿਲਦੀਆਂ ਹਨ ਤੇ ਕੰਮ ਵਧੇਰੇ ਲਿਆ ਜਾਂਦਾ ਹੈ। ਜਿਸ ਕਾਰਨ ਲੋਕ ਇਹ ਗੱਲ ਸੋਚਦੇ ਹਨ ਕਿ ਇਕ ਵਾਰ ਪੈਸੇ ਖ਼ਰਚਾ ਕਰਕੇ ਸਾਰੀ ਜ਼ਿੰਦਗੀ ਸਰੁੱਖਿਅਤ ਹੋ ਜਾਂਦੀ ਹੈ। ਰੁਜ਼ਗਾਰ ਤੋਂ ਇਲਾਵਾ ਜੇਕਰ ਕੋਈ ਆਪਣਾ ਕੰਮਕਾਰ ਕਰਦਾ ਹੈ ਤਾਂ ਉਸ ਨੂੰ ਅਨੇਕਾਂ ਟੈਕਸਾਂ, ਮਹਿੰਗਾਈ ਆਦਿ ਦੀ ਮਾਰ ਪੈ ਜਾਂਦੀ ਹੈ ਜਿਸ ਕਾਰਨ ਉਸ ਦਾ ਰੁਜ਼ਗਾਰ ਠੱਪ ਹੋ ਜਾਂਦਾ ਹੈ। ਲੋਕ ਟੈਕਸ ਦੇਣ ਨੂੰ ਤਿਆਰ ਹਨ ਪਰ ਉਸ ਦੇ ਮੁਕਾਬਲੇ ਸਹੂਲਤਾਂ ਵੀ ਦਿੱਤੀਆਂ ਜਾਣ। ਬਾਕੀ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਲੋਕਾਂ ਦੀ ਵਿਦੇਸ਼ ਜਾਣ ਦੀ ਗਤੀ ਹੋਰ ਤੇਜ਼ ਹੁੰਦੀ ਹੈ ਜਾਂ ਸਰਕਾਰਾਂ ਪ੍ਰਬੰਧ ਕਰਨਗੀਆਂ ਜਿਸ ਨਾਲ ਨੌਜਵਾਨ ਵਰਗ ਮੁੜ ਤੋਂ ਆਪਣੇ ਮੁਲਕ ਵੱਲ ਮੂੰਹ ਕਰੇਗਾ। •

97810-48055

ਵਿਦੇਸ਼ ਜਾਣ ਦੇ ਤਰੀਕੇ

ਲੋਕ ਵਿਦੇਸ਼ ਜਾਣ ਲਈ ਅਲੱਗ-ਅਲੱਗ ਤਰੀਕੇ ਅਪਨਾਉਂਦੇ ਹਨ। ਪਹਿਲਾਂ ਜ਼ਿਆਦਾਤਰ ਲੋਕਾਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਜਾਂ ਏਜੰਟਾਂ ਰਾਹੀਂ ਵਿਦੇਸ਼ ਦਾ ਰਾਹ ਅਖ਼ਤਿਆਰ ਕਰਨਾ ਅਤੇ ਕੋਈ ਆਪਣੇ ਸਾਕ-ਸਬੰਧੀਆਂ ਰਾਹੀਂ ਜਹਾਜ਼ ਚੜ੍ਹ ਜਾਂਦਾ ਆਦਿ ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਸਨ। ਜ਼ਿਆਦਾਤਰ ਲੋਕ ਵਿਆਹ ਦਾ ਸਹਾਰਾ ਲੈ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ, ਜਿਸ ਕਾਰਨ ਹੁਣ ਲੜਕੀ ਵਾਲੇ ਕੁਝ ਰੁਪਏ ਲਾ ਕੇ ਆਪਣੀ ਲੜਕੀ ਨੂੰ ਆਈਲੈਟਸ ਕਰਵਾ ਦਿੰਦੇ ਹਨ।

ਪੱਤਰ ਹਰੇ ਕਰੂਰ

ਸਮਾਜ ਸੇਵਾ ਨੂੰ ਸਮਰਪਿਤ ਸ਼ਾਇਰ

ਪਰਮਜੀਤ ਰਾਮਗੜ੍ਹੀਆ

ਸਾਹਿਤਕ ਵਿਧਾਵਾਂ ਤੇ ਸ਼ਿਲਪਕਲਾ ਦਾ ਮਾਹਿਰ ਪਰਮਜੀਤ ਹੋਰ ਅਨੇਕਾਂ ਬਹੁਕਲਾਵਾਂ ਦੇ ਧਾਰਨੀ ਹੈ। ਕਿੱਤੇ ਵਜੋਂ ਅਧਿਆਪਨ ਦੇ ਕਾਰਜ਼ ਵਿਚ ਆਪਣੇ ਵਿਸ਼ੇ ਵਿਚ ਨਿਪੁੰਨ ਪਰਮਜੀਤ ਨੇ ਸਾਲ 2014 ਵਿਚ ਡਰਾਇੰਗ ਵਿਸ਼ੇ ਵਿਚ ਨਵੀਂ ਖੋਜ ਕਰਦਿਆਂ, ਇਸ ਵਿਸ਼ੇ ਦਾ ਸਿਲੇਬਸ ਬਣਾ ਸਭ ਨੂੰ ਅਚੰਭਿਤ ਕਰ ਦਿੱਤਾ। ਜਿਸ ਨੂੰ ਪੰਜਾਬ ਦੇ ਮਾਨਯੋਗ ਡੀਜੀਐੱਸਈ ਵੱਲੋਂ ਮਨਜ਼ੂਰ ਕੀਤਾ ਗਿਆ। ਆਲ ਇੰਡੀਆ ਰੇਡੀਓ ਜਲੰਧਰ, ਬਠਿੰਡਾ ਤੋਂ ਕਈ ਕਵੀ ਤੇ ਕਹਾਣੀ ਦਰਬਾਰਾਂ ਵਿਚ ਕਵਿਤਾ ਪਾਠ ਤੇ ਮਿੰਨੀ ਕਹਾਣੀਆਂ ਪੜ੍ਹੀਆਂ। ਪਰਮਜੀਤ ਦੀ ਮਿੰਨੀ ਕਹਾਣੀ 'ਸ਼ਿਕਾਰ' ਨੂੰ ਅੰਤਰਰਾਸ਼ਟਰੀ ਅਵਾਰਡ ਵੀ ਮਿਲਿਆ। ਉਸ ਦੀਆਂ ਰਚਨਾਵਾਂ ਵਿੱਚੋਂ ਮਨੁੱਖੀ ਦਰਦ ਆਪ-ਮੁਹਾਰੇ ਬੋਲਦਾ ਹੈ। ਉਹ ਆਪਮੇ ਤੋਂ ਗੱਲ ਸ਼ੁਰੂ ਕਰਕੇ ਪਰ ਦੇ ਦੁੱਖਾਂ-ਸੁੱਖਾਂ ਦੀ ਬਾਤ ਪਾਉਂਦਾ ਹੈਸ਼ ਪਰਮਦਾਤ ਦੇ ਕੰਮਾਂ ਨੂੰ ਦੇਖ ਦੇ ਹੋਏ ਪੰਜਾਬ ਸਰਕਾਰ ਨੇ ਸਾਲ 2014 ਵਿਚ ਸਟੇਟ ਅਵਾਰਡ ਨਾਲ ਨਾਲ ਸਨਮਾਨਿਆ। ਬੇਸ਼ੱਕ ਪਰਮਜੀਤ ਦੀ ਕਲਮ 1988 ਤੋਂ ਲਗਾਤਾਰ ਲਿਖ ਰਹੇ ਪਰਮਜੀਤ ਦੀਆਂ ਚਾਰ ਕਿਤਾਬਾਂ ਦਾ ਮੈਟਰ ਛਪਣ ਲਈ ਤਿਆਰ ਪਿਆ ਹੈ। ਉਸ ਦਾ ਇਕ ਕਾਵਿ ਸੰਗ੍ਰਹਿ 'ਮਘਦੇ ਹਰਫ਼' ਛਪ ਚੁੱਕਾ ਹੈ। ਜਿਸ ਦੀ ਪ੍ਰਸ਼ੰਸਾ ਸਾਹਿਤਕ ਖੇਤਰ ਵਿਚ ਹੋ ਚੁੱਕੀ ਹੈ। ਉਸ ਇਕ ਪਾਠਕ ਵਰਗ ਹੈ। ਆਉ ਮਾਣ ਦੇ ਹਾਂ ਉਸ ਦੀ ਰਚਨਾ ਦਾ ਅਨੰਦ।

• ਗੁਰਬਾਜ ਗਿੱਲ
98723-62507

ਨਜ਼ਮਾਂ

ਦੁਆ ਕਰਿਓ

ਦੁਆ ਕਰਿਓ ਪੰਜਾਬ ਮੇਰੇ 'ਚ ਸਭ ਸੁੱਖ ਹੋਵੇ,
ਫੁੱਲਾਂ ਦੇ ਵਾਂਗ ਮਹਿਕਾਂ ਵੰਡਦਾ ਹਰ ਮੁੱਖ ਹੋਵੇ।

ਦਿਓ ਸੁਨੇਹਾ ਜਨ ਨੂੰ ਕਿ ਸ਼ਾਂਤੀ ਬਣੀ ਰਹੇ,
ਟੁੱਟੇ ਨਾ ਕੋਈ ਕਹਿਰ ਅਜਿਹਾ ਕਿ ਦੁੱਖ ਹੋਵੇ।

ਕਲੀਆਂ ਵਰਗੇ ਕੋਮਲ ਰੂਪ ਰੱਬ ਦੇਵੇ ਬੱਚੇ,
ਇਨ੍ਹਾਂ ਬਾਝੋਂ ਸੁੰਨੀ ਨਾ ਕਿਸੇ ਮਾਂ ਦੀ ਕੁੱਖ ਹੋਵੇ।

ਫੁੱਲਾਂ ਤੋਂ ਬਿਨਾਂ ਬਗ਼ੀਚਾ ਵੀ ਕਦੇ ਸੋਹੇ ਨਾ,
ਰੋਹੀ ਵਿਚ ਇਕੱਲਾ ਕਦੇ ਨਾ ਕੋਈ ਰੁੱਖ ਹੋਵੇ।

ਹਰ ਕਾਮੇ ਦੇ ਜੀਅ ਨੂੰ ਮਿਲਦੀ ਹੋਵੇ ਰੋਟੀ,
ਗ਼ਰੀਬ ਦੀ ਮੌਤ ਕਦੇ ਨਾ ਉਸ ਦੀ ਭੁੱਖ ਹੋਵੇ।

ਕਈ ਦਿਨਾਂ ਤੋਂ ਪਤਾ ਨ੍ਹੀਂ ਕਿਉਂ ਅੱਖ ਫਰਕੇ,
ਰੱਬਾ ਦੁਆ ਹੈ ਦੁਸ਼ਮਣ ਘਰ ਵੀ ਸੁੱਖ ਹੋਵੇ।

ਪਰਮਾਤਮਾ ਕਦੇ ਨਾ ਐਸੀ ਹਨ੍ਹੇਰੀ ਝੁੱਲੇ,
ਕਿ ਅੰਮੜੀ ਦਾ ਸੀਨਾ ਕਿਸੇ ਵਜ੍ਹਾ ਕੋਈ ਦੁੱਖ ਹੋਵੇ।

ਸੁਖਵੀਰ ਘੁਮਾਣ ਦਿੜਬਾ

ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ

ਲੋਕ-ਗੀਤਾਂ ਦੀ ਯਾਤਰਾ ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਦੀ ਹੀ ਵਿਕਾਸ ਗਾਥਾ ਹੈ। ਪੁਰਾਤਨ ਹੋਣ ਦੇ ਬਾਵਜੂਦ ਵੀ ਲੋਕ-ਗੀਤ ਸਮੇਂ ਦੀ ਸੀਮਾਂ ਤੋਂ ਪਾਰਗਾਮੀ ਹੁੰਦੇ ਹਨ। ਲੋਕ ਗੀਤ ਦੀ ਵਿਸ਼ੇਸਤਾ ਇਹ ਹੁੰਦੀ ਹੈ ਕਿ ਇਹ ਲੋਕਾਂ ਦੇ ਬੁੱਲ੍ਹਾਂ 'ਤੇ ਸਹਿਜ ਸੁਭਾਅ ਯਾਤਰਾ ਕਰਦਾ ਰਹਿੰਦਾ ਹੈ। ਲੋਕ ਕਿੱਤੇ, ਲੋਕ ਸੰਸਕਾਰ, ਲੋਕ ਰਹੁ ਰੀਤਾਂ ਮਨੁੱਖੀ ਜ਼ਬਾਨ ਰਾਹੀਂ ਲੋਕ ਗੀਤਾਂ ਵਿਚ ਢਲ ਜਾਂਦੇ ਹਨ। ਹਰ ਸੱਭਿਆਚਾਰ, ਸੰਸਕ੍ਰਿਤੀ ਤੇ ਉਸ ਦੀ ਸਥਾਨਕ ਭਾਸ਼ਾ ਵਿਚ ਲੋਕ ਗੀਤ ਜਨਮ ਲੈਂਦੇ ਹਨ। ਲੋਕ ਗੀਤ ਲੋਕ ਜੀਵਨ ਦਾ ਝਰੋਖਾ ਹੁੰਦੇ ਹਨ ਜਿਸ ਵਿੱਚੋਂ ਸਮੁੱਚਾ ਲੋਕ ਜੀਵਨ ਨਜ਼ਰੀ ਪੈਂਦਾ ਹੈ। ਡਾ. ਹਰ

ਸੁਪਰੀਮ ਕੋਰਟ ਨੇ ਰਾਮਦੇਵ ਤੇ ਬਾਲਕ੍ਰਿਸ਼ਨ ਦਾ ਮੁਆਫ਼ੀਨਾਮਾ ਰੱਦ ਕਰਦਿਆਂ ਕਿਹਾ; ਕਾਰਵਾਈ ਲਈ ਰਹੋ ਤਿਆਰ

ਸੁਪਰੀਮ ਕੋਰਟ 'ਚ ਪੇਸ਼ ਹੁੰਦੇ ਹੋਏ ਰਾਮਦੇਵ ਤੇ ਬਾਲਕ੍ਰਿਸ਼ਨ।

ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਤੰਜਲੀ ਇਸ਼ਤਿਹਾਰ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਉਹ ਰਾਮਦੇਵ ਤੇ ਪਤੰਜਲੀ ਆਯੁਰਵੇਦ ਦੇ ਐੱਮਡੀ ਅਚਾਰੀਆ ਬਾਲਕ੍ਰਿਸ਼ਨ ਦੇ ਮੁਆਫ਼ੀ ਹਲਫ਼ਨਾਮੇ ਨੂੰ ਰੱਦ ਕਰਦੀ ਹੈ। ਸੁਪਰੀਮ ਕੋਰਟ ਨੇ ਕਿਹਾ, 'ਅਸੀਂ ਇੰਨੇ ਫ਼ਿਰਾਖ਼ ਦਿਲ ਨਹੀਂ ਹੋ ਸਕਦੇ।' ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਮਾਨਤੁੱਲਾ ਦੀ ਬੈਂਚ ਨੇ ਪਤੰਜਲੀ ਦੇ ਵਕੀਲ ਵਿਪਿਨ ਸਾਂਘੀ ਅਤੇ ਮੁਕੁਲ ਰੋਹਤਗੀ ਨੂੰ ਕਿਹਾ ਕਿ ਤੁਸੀਂ ਜਾਣਬੁੱਝ ਕੇ ਅਦਾਲਤੀ ਹੁਕਮਾਂ ਦੀ ਉਲੰਘਣਾ ਕੀਤੀ ਹੈ, ਕਾਰਵਾਈ ਲਈ ਤਿਆਰ ਰਹੋ। ਇਸ ਤੋਂ ਪਹਿਲਾਂ 2 ਅਪਰੈਲ ਨੂੰ ਇਸੇ ਬੈਂਚ 'ਚ ਹੋਈ ਸੁਣਵਾਈ ਦੌਰਾਨ ਪਤੰਜਲੀ ਦੀ ਤਰਫੋਂ ਮੁਆਫੀ ਮੰਗੀ ਗਈ ਸੀ। ਉਸ ਦਿਨ ਵੀ ਬੈਂਚ ਨੇ ਪਤੰਜਲੀ ਨੂੰ ਝਾੜਿਆ ਸੀ ਅਤੇ ਕਿਹਾ ਸੀ ਕਿ ਇਹ ਮੁਆਫ਼ੀ ਸਿਰਫ਼ ਖਾਨਾਪੂਰਤੀ ਲਈ ਹੈ। ਤੁਹਾਡੇ ਅੰਦਰ ਮੁਆਫ਼ੀ ਦੀ ਭਾਵਨਾ ਨਹੀਂ ਹੈ।

'ਵੋਟ ਬੈਂਕ' ਲਈ ਮਮਤਾ ਘੁਸਪੈਠੀਆਂ ਦੀ ਕਰ ਰਹੀ ਹੈ ਮਦਦ : ਅਮਿਤ ਸ਼ਾਹ

ਬਲੂਰਘਾਟ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ

ਬੈਨਰਜੀ 'ਤੇ ਨਾਗਰਿਕਤਾ ਸੋਧ ਕਾਨੂੰਨ (ਸੀ. ਏ. ਏ.) ਅਤੇ 'ਵੋਟ ਬੈਂਕ' ਦੀ ਸਿਆਸਤ ਨੂੰ ਲੈ ਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਹੈ।

ਬੁੱਧਵਾਰ ਬਲੂਰਘਾਟ 'ਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ, ਜੋ ਲੋਕ ਸਭਾ ਚੋਣਾਂ ਦੇ ਐਲਾਨ ਪਿੱਛੋਂ ਪਹਿਲੀ ਵਾਰ ਬੰਗਾਲ 'ਚ ਆਏ ਹਨ, ਨੇ ਘੁਸਪੈਠੀਆਂ ਦੀ ਮਦਦ ਕਰਨ ਦਾ ਮਮਤਾ 'ਤੇ ਦੋਸ਼ ਲਾਇਆ ਤੇ ਕਿਹਾ ਕਿ ਸ਼ਰਨਾਰਥੀਆਂ ਨੂੰ ਬਿਨਾਂ ਕਿਸੇ ਡਰ ਤੋਂ ਨਾਗਰਿਕਤਾ ਲਈ ਅਰਜ਼ੀ ਦੇਣੀ ਚਾਹੀਦੀ ਹੈ। ਭੂਪਤੀਨਗਰ ਬੰਬ ਧਮਾਕੇ ਦੇ ਮਾਮਲੇ 'ਚ ਮੁਲਜ਼ਮਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਅਤੇ ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ.) ਦੇ ਅਧਿਕਾਰੀਆਂ ਵਿਰੁੱਧ ਕੇਸ ਦਰਜ ਕਰਨ ਲਈ ਤ੍ਰਿਣਮੂਲ ਕਾਂਗਰਸ ਸਰਕਾਰ ਦੀ ਉਨ੍ਹਾਂ ਆਲੋਚਨਾ ਕੀਤੀ।

ਸ਼ਾਹ ਨੇ ਕਿਹਾ ਕਿ ਮਮਤਾ ਦੀਦੀ ਸੀ. ਏ. ਏ. ਬਾਰੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਹ ਕਹਿ ਰਹੀ ਹੈ ਕਿ ਜੇ ਤੁਸੀਂ ਅਰਜ਼ੀ ਫਾਰਮ ਭਰੋਗੇ ਤਾਂ ਤੁਹਾਡੀ ਨਾਗਰਿਕਤਾ ਖੋਹ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਹੀ ਸੂਬੇ 'ਚ ਘੁਸਪੈਠ ਨੂੰ ਰੋਕ ਸਕਦੀ ਹੈ। ਮਮਤਾ ਦੀਦੀ ਪੱਛਮੀ ਬੰਗਾਲ 'ਚ ਘੁਸਪੈਠ ਨੂੰ ਕਦੇ ਨਹੀਂ ਰੋਕ ਸਕਦੀ ਕਿਉਂਕਿ ਇਹ ਉਨ੍ਹਾਂ ਦਾ ਵੋਟ ਬੈਂਕ ਹੈ।

ਦਿੱਲੀ ਦੇ ਮੰਤਰੀ ਰਾਜ ਕੁਮਾਰ ਆਨੰਦ ਨੇ ਕੈਬਨਿਟ ਤੋਂ ਅਸਤੀਫ਼ਾ ਦਿੱਤਾ ਤੇ 'ਆਪ' ਛੱਡੀ

ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਦੇ ਮੰਤਰੀ ਰਾਜ ਕੁਮਾਰ ਆਨੰਦ ਨੇ ਅੱਜ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ ਅਤੇ ਪਾਰਟੀ 'ਚ ਦਲਿਤਾਂ ਨੂੰ ਢੁਕਵੀਂ ਪ੍ਰਤੀਨਿਧਤਾ ਨਾ ਹੋਣ ਦਾ ਦੋਸ਼ ਲਗਾਉਂਦੇ ਹੋਏ 'ਆਪ' ਨੂੰ ਛੱਡ ਦਿੱਤਾ। ਇੱਥੇ ਪ੍ਰੈਸ ਕਾਨਫਰੰਸ ਵਿੱਚ ਸਮਾਜ ਭਲਾਈ ਸਮੇਤ ਵੱਖ-ਵੱਖ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲ ਰਹੇ ਸ੍ਰੀ ਆਨੰਦ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ (ਆਪ) ਦੇ ਪ੍ਰਮੁੱਖ ਆਗੂਆਂ ਵਿੱਚ ਕੋਈ ਦਲਿਤ ਨਹੀਂ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ 'ਆਪ' ਦੇ ਦਲਿਤ ਵਿਧਾਇਕਾਂ, ਮੰਤਰੀਆਂ ਜਾਂ ਕੌਂਸਲਰਾਂ ਨੂੰ ਕੋਈ ਸਨਮਾਨ ਨਹੀਂ ਦਿੱਤਾ ਗਿਆ। ਆਨੰਦ ਪਟੇਲ ਨਗਰ ਹਲਕੇ ਤੋਂ ਵਿਧਾਇਕ ਹਨ।

ਵਿਜੀਲੈਂਸ ਬਿਊਰੋ ਨੇ ਪਟਵਾਰੀ ਤੇ ਉਸਦੇ ਕਰਿੰਦੇ ਨੂੰ 3,500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕੀਤਾ ਕਾਬੂ

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਸੈਕਟਰ 32, ਚੰਡੀਗੜ੍ਹ ਰੋਡ, ਲੁਧਿਆਣਾ ਸਥਿਤ ਪਟਵਾਰਖਾਨੇ ਵਿਖੇ ਤਾਇਨਾਤ ਮਾਲ ਪਟਵਾਰੀ ਸੁਖਵਿੰਦਰ ਸਿੰਘ ਸੋਢੀ ਅਤੇ ਉਸ ਦੇ ਕਰਿੰਦੇ ਅਮਨਦੀਪ ਸਿੰਘ ਉਰਫ਼ ਦੀਪ ਵਾਸੀ ਪਿੰਡ ਢੇਰੀ, ਨੇੜੇ ਮੇਹਰਬਾਨ, ਜ਼ਿਲ੍ਹਾ ਲੁਧਿਆਣਾ ਨੂੰ 3,500 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮਾਲ ਪਟਵਾਰੀ ਅਤੇ ਉਸ ਦੇ ਕਰਿੰਦੇ ਨੂੰ ਤੇਲੂ ਰਾਮ ਵਾਸੀ ਚੰਦਰ ਨਗਰ, ਲੁਧਿਆਣਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਬੈਂਕ ਤੋਂ ਕਰਜ਼ਾ ਲੈਣ ਲਈ ਉਸ ਦੇ ਪਲਾਟ ਦਾ 30 ਸਾਲਾਂ ਦਾ ਜਮ੍ਹਾਂਬੰਦੀ ਰਿਕਾਰਡ ਜਾਰੀ ਕਰਨ ਬਦਲੇ ਉਕਤ ਪਟਵਾਰੀ ਅਤੇ ਉਸ ਦਾ ਕਰਿੰਦੇ ਨੇ ਉਸ ਕੋਲੋਂ 3500 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਮੁਲਾਕਾਤ ਸਮੇਂ, ਪਟਵਾਰੀ ਨੇ ਇਸ ਸਬੰਧੀ ਉਸ ਨੂੰ ਆਪਣੇ ਕਰਿੰਦੇ ਅਮਨਦੀਪ ਸਿੰਘ ਉਰਫ ਦੀਪ ਨੂੰ ਮਿਲਣ ਲਈ ਕਿਹਾ, ਜਿਸ ਨੇ ਸ਼ਿਕਾਇਤਕਰਤਾ ਕੋਲੋਂ ਰਿਸ਼ਵਤ ਵਜੋਂ 3500 ਰੁਪਏ ਦੀ ਮੰਗ ਕੀਤੀ। ਜਿਸ ਵਿੱਚੋਂ ਪਟਵਾਰੀ ਦੇ ਕਰਿੰਦੇ ਨੇ 500 ਰੁਪਏ ਆਪਣੇ ਲਈ ਲੈਣ ਅਤੇ ਬਾਕੀ 3000 ਰੁਪਏ ਪਟਵਾਰੀ ਨੂੰ ਦੇਣ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਉਕਤ ਗੱਲਬਾਤ ਦੀ ਰਿਕਾਰਡਿੰਗ ਕਰਕੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਕਥਿਤ ਮੁਲਜ਼ਮ ਅਮਨਦੀਪ ਸਿੰਘ ਉਰਫ਼ ਦੀਪ ਨੂੰ ਉਕਤ ਪਟਵਾਰਖਾਨੇ ਦੀ ਪਾਰਕਿੰਗ ਤੋਂ ਸ਼ਿਕਾਇਤਕਰਤਾ ਕੋਲੋਂ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 3500 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਦੇ ਨਾਲ ਹੀ ਪਟਵਾਰੀ ਸੁਖਵਿੰਦਰ ਸਿੰਘ ਸੋਢੀ ਨੂੰ ਵੀ ਉਸ ਦੇ ਦਫਤਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਬੁਲਾਰੇ ਨੇ ਕਿਹਾ ਕਿ ਦੋਵਾਂ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਆਮ ਆਦਮੀ ਪਾਰਟੀ ਜੇਲ ਦਾ ਜਵਾਬ ਵੋਟ ਨਾਲ ਦੇ ਕੇ ਪੰਜਾਬ ਵਿੱਚ ਵੱਡੀ ਜਿੱਤ ਪ੍ਰਾਪਤ ਕਰੇਗੀ: ਡਾਕਟਰ ਬਲਬੀਰ ਸਿੰਘ

ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਅਤੇ ਲੋਕ ਸਭਾ ਹਲਕਾ ਪਟਿਆਲਾ ਦੇ ਉਮੀਦਵਾਰ ਨੇ ਨੀਨਾ ਮਿੱਤਲ ਐਮ ਐਲ ਏ ਰਾਜਪੁਰਾ ਵਲੋਂ ਕਰਾਈ ਮੀਟਿੰਗ ਵਿੱਚ ਇੱਕ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਿਸ਼ਨ 13 ਜੀਰੋ ਲਈ ਟੀਮਾਂ ਲਾਮਬੱਧ ਹੋ ਗਈਆਂ ਹਨ ਅਤੇ ਜੇਲ ਦਾ ਜਵਾਬ ਵੋਟ ਨਾਲ ਦੇਣ ਲਈ ਤਿਆਰ ਬਰ ਤਿਆਰ ਹਨ ,ਆਮ ਆਦਮੀ ਪਾਰਟੀ ਦੇ ਜੁਝਾਰੂ ਵਲੰਟੀਅਰ ਹੀ ਸਾਡੀ ਕਾਮਯਾਬੀ ਅਤੇ ਜਿੱਤ ਦਾ ਕਾਰਨ ਬਣਨਗੇ । ਡਾਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਸਾਡੀ ਟੀਮਾਂ ਇਲਾਕੇ ਵਿੱਚ ਵਧੀਆ ਪ੍ਰਚਾਰ ਕਰ ਰਹੀਆਂ ਹਨ ਅਤੇ ਚੋਣ ਕੰਪੇਨ ਪੂਰੇ ਜੋਰਾਂ ਤੇ ਹੈ ਜਿੱਥੇ ਵੀ ਮੈਂ ਪਿੰਡਾਂ ਵਿੱਚ ਜਾਂਦਾ ਹਾਂ ਉੱਥੇ ਪੋਂਡੂ ਅਤੇ ਕਿਸਾਨ ਕਹਿੰਦੇ ਹਨ ਕਿ ਡਾਕਟਰ ਸਾਹਿਬ ਤੁਸੀਂ ਆਰਾਮ ਨਾਲ ਬੈਠੋ ਤੁਸੀਂ ਦਿੱਲੀ ਵਿਖੇ 13 ਮਹੀਨਿਆਂ ਤੱਕ ਕਿਸਾਨ ਮੋਰਚੇ ਨਾਲ ਜੁੜੇ ਰਹੇ ਹੋ ਉੱਥੇ ਬਿਮਾਰਾਂ ਦਾ ਇਲਾਜ ਕਰਦੇ ਰਹੇ ਹੋ ਅਤੇ ਬਜ਼ੁਰਗਾਂ ਦੀ ਅੱਖਾਂ ਦਾ ਬੇਗਿਣਤ ਆਪਰੇਸ਼ਨ ਕਰਕੇ ਉਹਨਾਂ ਨੂੰ ਰੋਸ਼ਨੀ ਦਿੱਤੀ ਹੈ ਅਤੇ ਅੱਖਾਂ ਦਾ ਇਲਾਜ ਕੀਤਾ ਹੈ, ਅਸੀਂ ਪਿੰਡਾਂ ਵਿਖੇ ਬੂਥ ਵੀ ਲਗਾਵਾਂਗੇ ਅਤੇ ਵੋਟ ਵੀ ਪਾ ਕੇ ਤੁਹਾਨੂੰ ਵੱਡੀ ਜਿੱਤ ਦੁਆਵਾਂਗੇ। ਇਸ ਮੌਕੇ ਡਾਕਟਰ ਬਲਬੀਰ ਸਿੰਘ ਨੇ ਅਰਵਿੰਦ ਕੇਜਰੀਵਾਲ ਦੀ ਈ ਡੀ ਵੱਲੋਂ ਬਿਨਾ ਸਬੂਤਾਂ ਦੇ ਗਿਰਫਤਾਰ ਕਰਕੇ ਜੇਲ ਵਿੱਚ ਭੇਜੇ ਜਾਣ ਤੇ ਗੱਲ ਕਰਦਿਆਂ ਦੱਸਿਆ ਕਿ ਭਾਜਪਾ ਕੇਂਦਰੀ ਸਰਕਾਰ ਨੇ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਗਲਤੀ ਕੀਤੀ ਹੈ ਜੋ ਕਿ ਭਾਜਪਾ ਸਰਕਾਰ ਦੇ ਗਲੇ ਦੀ ਹੱਡੀ ਬਣੀ ਹੋਈ ਹੈ ਜਿਸ ਦਾ ਖਮਿਆਜਾ ਮੋਦੀ ਸਰਕਾਰ ਨੂੰ ਭੁਗਤਣਾ ਪਵੇਗਾ, ਪ੍ਰਧਾਨ ਮੰਤਰੀ ਮੋਦੀ ਰਾਮ ਮੰਦਰ ਬਣਾ ਕੇ ਲੁਕਾਈ ਨੂੰ ਭਰਮਾ ਕੇ ਸਾਰੇ ਦੇਸ਼ ਤੇ ਰਾਜ ਕਰਨ ਦੀ ਨੀਤੀ ਹੁਣ ਉਲਟ ਚੁੱਕੀ ਹੈ, ਹੁਣ ਜਨਤਾ ਸਮਝ ਗਈ ਹੈ ਕਿ ਮੋਦੀ ਦੇਸ਼ ਨੂੰ ਕਾਰਪੋਰੇਟ ਘਰਾਨਿਆਂ ਦੇ ਹੱਥੀ ਵੇਚ ਰਿਹਾ ਹੈ ਅਤੇ ਸੰਵਿਧਾਨ ਖਤਰੇ ਵਿੱਚ ਹੈ । ਲੋਕ ਮੋਦੀ ਦੇ ਬਾਂਡ ਘੁਟਾਲਿਆਂ ਨੂੰ ਵੀ ਸਮਝ ਗਏ ਹਨ ਅਤੇ ਈਡੀ ਵੱਲੋਂ ਡਰਾ ਧਮਕਾ ਕੇ ਕਿਵੇਂ ਪ੍ਰਾਈਵੇਟ ਅਦਾਰਿਆਂ ਤੋਂ ਪੈਸੇ ਇਕੱਠੇ ਕੀਤੇ ਜਾ ਰਹੇ ਹਨ । ਡਾਕਟਰ

ਡੀ.ਆਈ.ਜੀ. ਦੇ ਜਾਅਲੀ ਬਣਾਏ ਅਧਾਰ ਕਾਰਡ ਵਰਤ ਕੇ ਫਿਰੌਤੀ ਮੰਗਣ ਵਾਲੇ ਨੂੰ ਜਮਾਨਤ

ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਡੀ. ਆਈ.ਜੀ. ਪਟਿਆਲਾ ਰੇਂਜ ਪਟਿਆਲਾ ਸ. ਐਚ.ਐੱਸ.ਭੁੱਲਰ ਜੀ ਦੇ ਜਾਅਲੀ ਆਧਾਰ ਕਾਰਡ ਵਰਤ ਕੇ ਫਰੌਤੀ ਮੰਗਣ ਦੇ ਦੋਸ਼ਾਂ ਸਬੰਧੀ ਦਰਜ ਮੁਕਦਮਾ ਨੰਬਰ 11 ਮਿਤੀ 24.01.2024 ਅਧੀਨ ਧਾਰਾ 468,469,471,419,420 ਅਤੇ 120-ਬੀ ਆਈ.ਪੀ.ਸੀ. ਥਾਣਾ ਲਾਹੌਰੀ ਗੇਟ (ਡਵੀਜਨ ਨੰਬਰ 4) ਪਟਿਆਲਾ ਵਿਖੇ ਦਰਜ ਉਕਤ ਮੁਕੱਦਮੇ ਵਿੱਚ ਨਵੀ ਦਿੱਲੀ ਦੇ ਰਹਿਣ ਵਾਲੇ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਸੁਰਿੰਦਰ ਸਿੰਘ ਨੂੰ ਮਾਣਯੋਗ ਅਦਾਲਤ ਸ. ਐਚ.ਐੱਸ. ਗਰੇਵਾਲ ਐਡੀਸ਼ਨਲ ਸ਼ੈਸ਼ਨ ਜੱਜ ਪਟਿਆਲਾ ਜੀ ਨੇ ਸੀਨੀਅਰ ਵਕੀਲ ਸ. ਸੁਖਵਿੰਦਰ ਸਿੰਘ ਬੱਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਜਮਾਨਤ ਦੇ ਦਿਤੀ।

ਰਾਮਦਾਸ 'ਚ ਸਿਲੰਡਰ ਫੱਟਣ ਕਾਰਨ 4 ਜੀਆਂ ਸਣੇ 1 ਇੱਕ ਬੱਚਾ ਬੁਰੀ ਤਰ੍ਹਾਂ ਸੜਿਆ

ਅਜਨਾਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਬ ਡਵੀਜ਼ਨ ਅਜਨਾਲਾ ਅਧੀਨ ਆਉਂਦੇ ਇਤਿਹਾਸਿਕ ਕਸਬਾ ਰਮਦਾਸ ਵਿਖੇ ਬੀਤੀ ਰਾਤ ਵਾਪਰੀ ਬਹੁਤ ਹੀ ਭਿਆਨਕ ਘਟਨਾ ਦੌਰਾਨ ਇੱਕ ਪਰਿਵਾਰ ਦੇ ਇੱਕ ਬੱਚੇ ਦੇ ਅੱਗ ਲੱਗਣ ਕਾਰਨ ਬੁਰੀ ਤਰ੍ਹਾਂ ਸੜ੍ਹ ਜਾਣ ਤੋਂ ਇਲਾਵਾ 4 ਜੀਆਂ ਦੇ ਬੁਰੀ ਤਰ੍ਹਾਂ ਝੁਲਸ ਜਾਣ ਦੀ ਸੂਚਨਾ ਮਿਲੀ ਹੈ ।

ਇਸ ਸੰਬੰਧੀ ਪੀੜ੍ਹਤ ਪਰਿਵਾਰ ਦੀ ਮੈਂਬਰ ਅੰਮ੍ਰਿਤਪਾਲ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕੀ ਉਹਨਾਂ ਦੇ ਘਰ ਰਾਤ ਸਿਲੰਡਰ ਫਟ ਜਾਣ ਕਾਰਨ ਪਰਿਵਾਰ ਦੇ 5 ਜਾਣੇ ਬੁਰੀ ਤਰ੍ਹਾਂ ਨਾਲ ਸੜ ਗਏ ਹਨ ਜਿਨਾਂ ਵਿੱਚੋਂ ਉਨਾਂ ਦਾ ਇੱਕ ਤਿੰਨ ਸਾਲ ਦਾ ਬੇਟਾ ਵੀ ਹੈ ਜੋ ਕਿ ਬਹੁਤ ਸੀਰੀਅਸ ਹੈ ਜੋ ਕਿ ਅੰਮ੍ਰਿਤਸਰ ਅਮਨਦੀਪ ਹਸਪਤਾਲ ਵਿਖੇ ਜ਼ੇਰੇ ਇਲਾਜ ਹਨ ।

ਕੇਂਦਰ ਨੇ ਤਰਨਜੀਤ ਸਿੰਘ ਸੰਧੂ ਨੂੰ ਵਾਈ ਪਲੱਸ ਸੁਰੱਖਿਆ ਦਿੱਤੀ

ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਨੇ ਅਮਰੀਕਾ ਵਿਚ ਸਾਬਕਾ ਭਾਰਤੀ ਰਾਜਦੂਤ ਅਤੇ ਹਾਲ ਹੀ ਵਿਚ ਭਾਜਪਾ ਸ਼ਾਮਲ ਹੋ ਕੇ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜ ਰਹੇ ਤਰਨਜੀਤ ਸਿੰਘ ਸੰਧੂ ਨੂੰ 'ਵਾਈ ਪਲੱਸ ਸ਼੍ਰੇਣੀ ਦੀ ਸੀਆਰਪੀਐੱਫ ਸੁਰੱਖਿਆ ਦਿੱਤੀ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਤੋਂ ਬਾਅਦ ਸ੍ਰੀ ਸੰਧੂ ਨੂੰ ਪੂਰੇ ਭਾਰਤ ਵਿੱਚ ਸੁਰੱਖਿਆ ਕਵਰ ਦਿੱਤੀ ਗਈ ਹੈ। ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਦੇ ਅਧਾਰ 'ਤੇ ਸੁਰੱਖਿਆ ਕਵਰ ਵਧਾਉਣ ਦਾ ਫੈਸਲਾ ਲਿਆ ਹੈ।

ਸੂਬੇ ਨੂੰ ਵਿਕਾਸ ਦੀਆਂ ਲੀਹਾਂ ਤੇ ਲਿਜਾਣ ਲਈ ਸਿਰਫ ਸ਼੍ਰੋਮਣੀ ਅਕਾਲੀ ਦਲ ਹੀ ਯੋਗ: ਸੁਖਬੀਰ ਬਾਦਲ

ਭਾਦਸੋਂ, 11 ਅਪ੍ਰੈਲ
- -ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਸਿਰਫ ਸ਼੍ਰੋਮਣੀ ਅਕਾਲੀ ਦਲ ਹੀ ਸੂਬੇ ਦੇ ਨੂੰ ਮੁੜ ਵਿਕਾਸ ਦੀ ਲੀਹ ਤੇ ਲੈ ਜਾ ਸਕਦੀ ਹੈ ,ਉਹਨਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪਿਛਲੀਆਂ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਹੋਏ ਕੰਮਾਂ ਦੀ ਤੁਲਨਾ ਪਿਛਲੀ ਕਾਂਗਰਸ ਅਤੇ ਮੌਜੂਦਾ ਆਪ ਸਰਕਾਰ ਨਾਲ ਕਰਨ ਅਤੇ ਤੁਸੀਂ ਆਪ ਦੇਖੋ ਕਿ ਦੋਵੇਂ ਪਾਰਟੀਆਂ ਪੰਜਾਬ ਨੂੰ 20 ਸਾਲ ਪਿੱਛੇ ਲੈ ਗਈਆਂ ਹਨ ।ਅਕਾਲੀ ਦਲ ਦੇ ਪ੍

ਸੰਪਾਦਕੀ

ਬੀੜ ਬਿਲਿੰਗ ਦੀ ਘਟਨਾ

ਬੀੜ ਬਿਲਿੰਗ ਵਿਚ ਤਜਰਬੇਕਾਰ ਪੈਰਾਗਲਾਈਡਿੰਗ ਪਾਇਲਟ ਰਿਤੂ ਚੋਪੜਾ ਨਾਲ ਵਾਪਰੀ ਤਰਾਸਦਿਕ ਘਟਨਾ ਉੱਥੇ ਚੱਲ ਰਹੀਆਂ ਪੈਰਾਗਲਾਈਡਿੰਗ ਗਤੀਵਿਧੀਆਂ ਦੇ ਸਬੰਧ ਵਿਚ ਸੁਰੱਖਿਆ ਨੇਮਾਂ ਦੀਆਂ ਘਾਟਾਂ ਦਾ ਚੇਤਾ ਕਰਾਉਂਦੀ ਹੈ। ਇਸ ਦੇ ਨਾਲ ਹੀ ਇਹ ਘਟਨਾ ਇਹ ਵੀ ਯਾਦ ਕਰਵਾਉਂਦੀ ਹੈ ਕਿ ਜਦੋਂ ਢੁਕਵੀਆਂ ਸਾਵਧਾਨੀਆਂ ਵਰਤੇ ਬਿਨਾਂ ਇਸ ਸਾਹਸਿਕ ਖੇਡ ਨੂੰ ਅੰਜਾਮ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਜੋਖ਼ਮ ਬਹੁਤ ਵਧ ਜਾਂਦਾ ਹੈ। ਬੀੜ ਬਿਲਿੰਗ ਹਿਮਾਚਲ ਪ੍ਰਦੇਸ਼ ਦੀ ਧੌਲਾਧਾਰ ਪਰਬਤਮਾਲਾ ਦਾ ਸੁੰਦਰ ਸਥਾਨ ਹੈ ਜੋ ਪਿਛਲੇ ਕੁਝ ਸਾਲਾਂ ਤੋਂ ਪੈਰਾਗਲਾਈਡਿੰਗ ਲਈ ਕੌਮਾਂਤਰੀ ਪੱਧਰ ਕਾਫ਼ੀ ਮਸ਼ਹੂਰ ਹੋ ਗਿਆ ਹੈ ਹਾਲਾਂਕਿ ਜਿਸ ਢੰਗ ਨਾਲ ਇਸ ਦੀ ਮਸ਼ਹੂਰੀ ਹੋਈ ਹੈ, ਉਸ ਹਿਸਾਬ ਨਾਲ ਇੱਥੇ ਸੁਰੱਖਿਆ ਨੇਮਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਪਿਛਲੇ ਛੇ ਸਾਲਾਂ ਦੌਰਾਨ ਇੱਥੇ ਪੈਰਾਗਲਾਈਡਿੰਗ ਦੇ ਕਰੀਬ 30 ਹਾਦਸੇ ਵਾਪਰ ਚੁੱਕੇ ਹਨ ਜਿਨ੍ਹਾਂ ਵਿਚ 15 ਜਾਨਾਂ ਗਈਆਂ ਹਨ ਪਰ ਇਸ ਦੇ ਬਾਵਜੂਦ ਨੇਮਾਂ ਦੀ ਪਾਲਣਾ ਦਾ ਪਰਨਾਲਾ ਉੱਥੇ ਦਾ ਉੱਥੇ ਹੈ।

ਧੌਲਾਧਾਰ ਦੀਆਂ ਪਹਾੜੀਆਂ ਦੇ ਧਰਾਤਲ ਬਾਰੇ ਆਮ ਲੋਕਾਂ ਨੂੰ ਬਹੁਤੀ ਜਾਣਕਾਰੀ ਨਹੀਂ ਹੁੰਦੀ ਅਤੇ ਅਕਸਰ ਮੌਸਮ ਦੀਆਂ ਹਾਲਤਾਂ ਯਕਦਮ ਬਦਲ ਜਾਂਦੀਆਂ ਹਨ ਜਿਸ ਕਰ ਕੇ ਇਸ ਸਾਹਸਿਕ ਖੇਡ ਵਿਚ ਖਤਰਾ ਪੈਦਾ ਹੋ ਜਾਂਦਾ ਹੈ। ਇਸ ਦੇ ਨਾਲ ਹੀ ਉੱਥੇ ਗ਼ੈਰ-ਤਜਰਬੇਕਾਰ ਪਾਇਲਟਾਂ ਦੀ ਮੌਜੂਦਗੀ ਅਤੇ ਪੈਰਾਗਲਾਈਡਿੰਗ ਸਕੂਲ ਦੇ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਨਾ ਕਰਨ ਕਰ ਕੇ ਜੋਖ਼ਮ ਹੋਰ ਵੀ ਵਧ ਜਾਂਦਾ ਹੈ ਅਤੇ ਕਈ ਵਾਰ ਇੱਥੇ ਸਾਹਸਿਕ ਗਤੀਵਿਧੀਆਂ ਜਾਂ ਮੌਜ ਮਸਤੀ ਲਈ ਆਏ ਸੈਲਾਨੀਆਂ ਲਈ ਖ਼ਤਰਾ ਬਣ ਜਾਂਦਾ ਹੈ। ਇਸ ਤੋਂ ਇਲਾਵਾ ਕਿਸੇ ਹੰਗਾਮੀ ਸੂਰਤ ਵਿਚ ਬਚਾਓ ਦੇ ਸਾਧਨਾਂ ਦੀ ਵੀ ਘਾਟ ਹੈ। ਯੂਰੋਪ ਵਿਚ ਅਜਿਹੀ ਹੰਗਾਮੀ ਸੂਰਤ ਵਿਚ ਬਚਾਓ ਲਈ ਵੱਧ ਤੋਂ ਵੱਧ ਸਮਾਂ 40 ਮਿੰਟ ਹੈ; ਭਾਰਤ ਵਿਚ ਇਸ ਨੂੰ 24 ਘੰਟੇ ਲੱਗ ਜਾਂਦੇ ਹਨ ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਾਜ਼ੋ-ਸਾਮਾਨ ਵਿਚ ਸੁਧਾਰ ਲਿਆਉਣ ਦੀ ਕਿੰਨੀ ਲੋੜ ਹੈ। ਪੈਰਾਗਲਾਈਡਰਾਂ ਲਈ ਲੈਂਡਿੰਗ ਵਾਲੀ ਥਾਂ 'ਤੇ ਚੱਲ ਰਹੀਆਂ ਗ਼ੈਰ-ਕਾਨੂੰਨੀ ਉਸਾਰੀਆਂ ਕਰ ਕੇ ਜਿੱਥੇ ਹਵਾ ਦਾ ਰੁਖ਼ 'ਤੇ ਅਸਰ ਪੈਣ ਕਰ ਕੇ ਸੈਲਾਨੀਆਂ ਲਈ ਖ਼ਤਰਾ ਵਧਦਾ ਹੈ।

ਇਸ ਕਰ ਕੇ ਪੈਰਾਗਲਾਈਡਿੰਗ ਲਈ ਕੌਮਾਂਤਰੀ ਮਿਆਰੀ ਵਿਧੀਆਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੀ ਲੋੜ ਹੈ ਜਿਸ ਵਿਚ ਪਾਇਲਟਾਂ ਦੇ ਤਜਰਬੇ ਅਤੇ ਸਾਜ਼ੋ-ਸਾਮਾਨ ਦੀ ਨਿਰਖ ਪਰਖ ਅਤੇ ਸੁਰੱਖਿਆ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣਾ ਸ਼ਾਮਲ ਹਨ। ਸਬੰਧਤ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੀੜ ਬਿਲਿੰਗ ਸਾਹਸਿਕ ਖੇਡਾਂ ਦੇ ਸ਼ੌਕੀਨਾਂ ਲਈ ਬਿਹਤਰੀਨ ਜਗ੍ਹਾ ਬਣੇ ਨਾ ਕਿ ਤਰਾਸਦਿਕ ਘਟਨਾਵਾਂ ਦਾ ਬਦਨਾਮ ਟਿਕਾਣਾ ਬਣ ਕੇ ਰਹਿ ਜਾਵੇ। ਸੁਰੱਖਿਆ ਦੇ ਮਸਲੇ ਨੂੰ ਹਰ ਹਾਲ ਤਰਜੀਹ ਮਿਲਣੀ ਚਾਹੀਦੀ ਹੈ। ਇਸ ਲਈ ਅਜਿਹੀਆਂ ਘਟਨਾਵਾਂ ਦੀ ਮੁਕੰਮਲ ਪੁਣਛਾਣ ਕਰ ਕੇ ਖਾਮੀਆਂ ਲੱਭਣ ਦੀ ਸਖ਼ਤ ਜ਼ਰੂਰਤ ਹੈ ਤਾਂ ਕਿ ਇਨ੍ਹਾਂ ਨੂੰ ਪੂਰੀਆਂ ਕਰ ਕੇ ਅਗਾਂਹ ਤੋਂ ਕਿਸੇ ਵੀ ਪ੍ਰਕਾਰ ਦੇ ਹਾਦਸੇ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।

ਪੱਛਮੀ ਬੰਗਾਲ 'ਚ ਤਲਖ਼ੀ

ਕੇਂਦਰ ਸਰਕਾਰ ਅਤੇ ਪੱਛਮੀ ਬੰਗਾਲ ਸਰਕਾਰ ਵਿਚਕਾਰ ਤਣਾਅ ਵਧ ਰਿਹਾ ਹੈ। ਲੰਘੇ ਸ਼ਨਿਚਰਵਾਰ ਪੱਛਮੀ ਬੰਗਾਲ ਦੇ ਭੂਪਤੀਨਗਰ ਵਿਚ ਕੌਮੀ ਜਾਂਚ ਏਜੰਸੀ (ਐੱਨਆਈਏ) ਦੀ ਟੀਮ ਉਪਰ ਹਮਲੇ ਦੀ ਘਟਨਾ ਨਾਲ ਮਾਹੌਲ ਹੋਰ ਭਖ ਗਿਆ ਹੈ। ਇਹ ਘਟਨਾ ਉਦੋਂ ਵਾਪਰੀ ਸੀ ਜਦੋਂ ਐੱਨਆਈਏ ਦੀ ਟੀਮ ਦਸੰਬਰ 2022 ਵਿਚ ਹੋਏ ਧਮਾਕੇ ਦੇ ਕੇਸ ਦੇ ਸਬੰਧ ਵਿਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਦੋ ਮੁਕਾਮੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਵਾਪਸ ਜਾ ਰਹੀ ਸੀ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਹੈ ਕਿ ਐੱਨਆਈਏ ਦੇ ਦਸਤੇ ਔਰਤਾਂ ਨੂੰ ਤੰਗ ਪ੍ਰੇਸ਼ਾਨ ਕਰ ਕੇ ਮੁਕਾਮੀ ਲੋਕਾਂ ਵਿਚ ਭੜਕਾਹਟ ਪੈਦਾ ਕਰ ਰਹੇ ਹਨ। ਪੱਛਮੀ ਬੰਗਾਲ ਪੁਲੀਸ ਨੇ ਗ੍ਰਿਫ਼ਤਾਰ ਕੀਤੇ ਗਏ ਇਕ ਆਗੂ ਦੇ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਐੱਨਆਈਏ ਦੀ ਟੀਮ ਖਿਲਾਫ਼ ਆਈਪੀਸੀ ਦੀ ਧਾਰਾ 354 (ਔਰਤਾਂ ਨੂੰ ਅਪਮਾਨਿਤ ਕਰਨ) ਤਹਿਤ ਕੇਸ ਦਰਜ ਕੀਤਾ ਹੈ।ਇਸ ਤੋਂ ਪਹਿਲਾਂ ਲੰਘੀ 5 ਜਨਵਰੀ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਟੀਮ ਨੂੰ ਉਦੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਇਹ ਉੱਤਰੀ 24 ਪਰਗਨਾ ਜਿ ?ਲ੍ਹੇ ਦੇ ਸੰਦੇਸ਼ਖਲੀ ਵਿਖੇ ਤ੍ਰਿਣਮੂਲ ਕਾਂਗਰਸ ਦੇ ਇਕ ਮੁਕਾਮੀ ਆਗੂ ਸ਼ਾਹਜਹਾਂ ਸ਼ੇਖ ਨੂੰ ਗ੍ਰਿਫ਼ਤਾਰ ਕਰਨ ਗਈ ਸੀ। ਉਦੋਂ ਸ਼ਾਹਜਹਾਂ ਦੇ ਇਕ ਮੁਲਾਜ਼ਮ ਨੇ ਈਡੀ ਦੀ ਟੀਮ ਉਪਰ ਬਿਨਾਂ ਕਿਸੇ ਸਰਚ ਵਾਰੰਟ ਤੋਂ ਘਰ ਵਿਚ ਜਬਰੀ ਦਾਖ਼ਲ ਹੋਣ ਦਾ ਦੋਸ਼ ਲਾਇਆ ਸੀ। ਕੇਂਦਰੀ ਏਜੰਸੀਆਂ ਦੇ ਅਧਿਕਾਰੀਆਂ ਉਪਰ ਹੋਏ ਹਮਲੇ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਹਾਲਾਂਕਿ ਤ੍ਰਿਣਮੂਲ ਕਾਂਗਰਸ ਨੇ ਭਾਰਤ ਦੇ ਚੋਣ ਕਮਿਸ਼ਨ ਕੋਲ ਪਹੁੰਚ ਕਰ ਕੇ ਇਹ ਸ਼ਿਕਾਇਤ ਕੀਤੀ ਹੈ ਕਿ ਬੰਗਾਲ ਵਿਚ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਹੁਣ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਖਿੱਚੋਤਾਣ ਹੋਰ ਰੂਪ ਅਖ਼ਤਿਆਰ ਕਰ ਗਈ ਹੈ। ਅਸਲ ਵਿਚ ਉੱਥੇ ਸਿਆਸਤ ਦਾ ਰੰਗ ਰਤਾ ਕੁ ਜ਼ਿਆਦਾ ਹੀ ਗੂੜ੍ਹਾ ਹੋ ਗਿਆ ਹੈ।

ਪੱਛਮੀ ਬੰਗਾਲ ਤ੍ਰਿਣਮੂਲ ਕਾਂਗਰਸ ਦਾ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਹੈ ਅਤੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵੱਲੋਂ ਉੱਥੇ ਆਪਣੇ ਪੈਰ ਜਮਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਪੱਛਮੀ ਬੰਗਾਲ ਵਿਚ 42 ਵਿੱਚੋਂ 18 ਸੀਟਾਂ ਜਿੱਤੀਆਂ ਸਨ। ਐਤਕੀਂ ਵੀ ਵੱਧ ਤੋਂ ਵੱਧ ਸੀਟਾਂ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ। ਬੰਗਾਲ ਵਿਚ ਲੋਕ ਸਭਾ ਦੀਆਂ ਚੋਣਾਂ ਸੱਤ ਗੇੜਾਂ ਵਿਚ ਕਰਵਾਈਆਂ ਜਾਣਗੀਆਂ ਜਿਸ ਦੀ ਸ਼ੁਰੂਆਤ 19 ਅਪਰੈਲ ਤੋਂ ਹੋਵੇਗੀ ਅਤੇ ਅੰਤਮ ਗੇੜ ਦਾ ਮਤਦਾਨ ਪਹਿਲੀ ਜੂਨ ਨੂੰ ਹੋਵੇਗਾ ਜਿਸ ਕਰ ਕੇ ਚੋਣ ਕਮਿਸ਼ਨ ਦਾ ਇਹ ਫਰਜ਼ ਬਣਦਾ ਹੈ ਕਿ ਉੱਥੇ ਚੋਣਾਂ ਦੇ ਮੱਦੇਨਜ਼ਰ ਸੁਰੱਖਿਆ ਦੇ ਸਖ਼ਤ ਬੰਦੋਬਸਤ ਕੀਤੇ ਜਾਣ ਅਤੇ ਝੜਪਾਂ ਨਾ ਹੋਣ ਦਿੱਤੀਆਂ ਜਾਣ। ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਖ਼ਬਰਦਾਰ ਕਰਨ ਦੀ ਲੋੜ ਹੈ ਕਿ ਉਹ ਆਪੋ-ਆਪਣੇ ਕੇਡਰ ਨੂੰ ਹਿੰਸਾ ਲਈ ਨਾ ਉਕਸਾਉਣ ਤਾਂ ਕਿ ਜਮਹੂਰੀ ਪ੍ਰਕਿਰਿਆ ਨੂੰ ਲੀਹੋਂ ਲੱਥਣ ਤੋਂ ਬਚਾਇਆ ਜਾ ਸਕੇ ਅਤੇ ਨਾਲ ਹੀ ਇਸ ਵਿਚ ਆਮ ਲੋਕਾਂ ਦੇ ਭਰੋਸੇ ਨੂੰ ਬਹਾਲ ਕੀਤਾ ਜਾ ਸਕੇ। ਇਸ ਸਬੰਧੀ ਸੂਬਾ ਅਤੇ ਕੇਂਦਰ ਸਰਕਾਰਾਂ, ਦੋਹਾਂ ਨੂੰ ਜ਼ਬਤ ਵਿਚ ਰਹਿ ਕੇ ਮਸਲੇ ਨਜਿੱਠਣ ਦਾ ਯਤਨ ਕਰਨਾ ਚਾਹੀਦਾ ਹੈ। ਚੱਲ ਰਹੀ ਜਮਹੂਰੀ ਪ੍ਰਕਿਰਿਆ ਦੌਰਾਨ ਹਾਲਾਤ ਦਾ ਤਕਾਜ਼ਾ ਇਹੀ ਹੈ।

ਕਾਰਗਿਲ ਜੰਗ ਦੇ 25 ਸਾਲ

ਰਾਜੇਸ਼ ਰਾਮਚੰਦਰਨ



ਜੰਗ ਦੀ ਰਿਪੋਰਟਿੰਗ ਲਈ ਸਨਮਾਨ ਦੇ ਰੂਪ 'ਚ ਇਸ ਤੋਂ ਵੱਡਾ ਤਗ਼ਮਾ ਹੋਰ ਕੀ ਮਿਲੇਗਾ ਜਦ ਬੰਬ ਦੇ ਖੋਲ ਦੀ ਛਿਲਤਰ ਗੁਰਦੇ ਅਤੇ ਪੈਨਕਰਿਅਸ ਵਿਚਾਲੇ ਅਟਕ ਜਾਵੇ ਪਰ ਕਿਸੇ ਪੁਰਾਣੇ ਫ਼ੌਜੀ ਵਾਂਗ ਮੈਂ ਬੰਬ ਦੇ ਉਸ ਟੁਕੜੇ ਦੀ ਕਹਾਣੀ ਦੁਬਾਰਾ ਨਹੀਂ ਸੁਣਾਉਣਾ ਚਾਹਾਂਗਾ ਜਿਸ ਨੇ ਲਗਭਗ ਮੇਰੀ ਜਾਨ ਲੈ ਲਈ ਸੀ ਤੇ ਸਖ਼ਤ ਫੱਟੜ ਕਰ ਦਿੱਤਾ ਸੀ ਪਰ ਇਹ ਕਾਰਗਿਲ ਜੰਗ ਨੂੰ ਚੇਤੇ ਕਰਨ ਦਾ ਸਮਾਂ ਹੈ (ਜੇ ਅਸੀਂ ਇਸ ਨੂੰ ਜੰਗ ਕਹਿਣਾ ਚਾਹੀਏ)। ਕੁਝ ਕੁ ਹਫ਼ਤਿਆਂ ਨੂੰ ਅਸੀਂ ਚਰਵਾਹੇ ਤਾਸ਼ੀ ਨਮਗਿਆਲ ਵੱਲੋਂ ਬਟਾਲਿਕ ਪਰਬਤੀ ਰੇਂਜ 'ਤੇ ਪਾਕਿਸਤਾਨੀਆਂ ਨੂੰ ਪਠਾਣੀ ਪਹਿਰਾਵਿਆਂ 'ਚ ਬੰਕਰ ਪੁੱਟਦਿਆਂ ਦੇਖਣ ਦੀ 25ਵੀਂ ਵਰ੍ਹੇਗੰਢ ਮਨਾ ਰਹੇ ਹੋਵਾਂਗੇ।

ਕੀ ਹੁੰਦਾ ਜੇ ਨਮਗਿਆਲ ਬਿਮਾਰ ਹੋ ਗਿਆ ਹੁੰਦਾ ਜਾਂ ਉਸ ਦੀ ਲੱਤ ਟੁੱਟ ਗਈ ਹੁੰਦੀ ? ਜੇ ਉਸ ਦੇ ਯਾਕ (ਪਸ਼ੂ) ਨਾ ਗੁਆਚੇ ਹੁੰਦੇ ? (ਜਦ ਉਸ ਨੇ ਘੁਸਪੈਠ ਦੇਖੀ ਤਾਂ ਉਹ ਆਪਣੇ ਪਸ਼ੂ ਲੱਭ ਰਿਹਾ ਸੀ)। ਇਕ ਅਜਿਹੇ ਆਗੂ ਜਿਸ ਨੇ ਦੁਸ਼ਮਣ ਗੁਆਂਢੀ ਦੇ ਟੁਕੜੇ ਕਰ ਕੇ ਨਵਾਂ ਮੁਲਕ ਬਣਾਉਣ ਦੇ ਨਾਲ-ਨਾਲ ਦੱਖਣੀ ਏਸ਼ੀਆ ਦਾ ਨਕਸ਼ਾ ਵੀ ਨਵੇਂ ਸਿਰਿਓਂ ਵਾਹਿਆ ਸੀ, ਨੂੰ ਨੀਵਾਂ ਦਿਖਾਉਣ ਲਈ ਕੱਚਾਤਿਵੂ ਨੂੰ ਸਿਆਸੀ ਮੁੱਦਾ ਬਣਾਉਣ ਤੋਂ ਪਹਿਲਾਂ ਕੁਝ ਸਵਾਲ ਹਨ ਜਿਨ੍ਹਾਂ 'ਤੇ ਰਾਸ਼ਟਰੀ ਸੁਰੱਖਿਆ ਦੇ ਪੱਖ ਤੋਂ ਸੋਚ-ਵਿਚਾਰ ਕਰਨਾ ਚਾਹੀਦਾ ਹੈ। ਸੈਟੇਲਾਈਟ ਤਸਵੀਰਾਂ ਤੋਂ ਪਹਿਲਾਂ ਦੇ ਯੁੱਗ 'ਚ ਭਾਰਤੀ ਫ਼ੌਜ ਨੂੰ ਇਸ ਦੀ ਸਭ ਤੋਂ ਵੱਡੀ ਇੰਟੈਲੀਜੈਂਸ ਨਾਕਾਮੀ ਬਾਰੇ ਦੱਸਣ ਵਾਲਾ ਇਹ ਚਰਵਾਹਾ ਹੀ ਸੀ।

ਮਿਲਟਰੀ ਇੰਟੈਲੀਜੈਂਸ ਸਣੇ ਸਾਰੀਆਂ ਖ਼ੁਫੀਆ ਏਜੰਸੀਆਂ ਹਰ ਤਰੀਕੇ ਨਾਲ ਨਾਕਾਮ ਹੋਈਆਂ- ਅਨੁਮਾਨ, ਸ਼ਨਾਖ਼ਤ, ਬਚਾਅ ਜਾਂ ਇੱਥੋਂ ਤੱਕ ਕਿ ਇਕ ਵਾਰ ਚਰਵਾਹੇ ਵੱਲੋਂ ਘੁਸਪੈਠ ਬਾਰੇ ਦੱਸਣ ਤੋਂ ਬਾਅਦ ਵੀ ਘੁਸਪੈਠੀਆਂ ਦੀ ਸਹੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ। ਜੰਗ ਲੜਨ ਵਾਲੀ ਮਾਊਨਟਨ ਡਿਵੀਜ਼ਨ ਦੇ ਸਾਬਕਾ ਕਮਾਂਡਰ ਦਾ ਵੀ ਇਹੀ ਕਹਿਣਾ ਸੀ। ਚਹੁੰ ਪਾਸਿਓਂ ਖ਼ੁਫੀਆ ਤੰਤਰ ਦੀ ਇਸ ਨਾਕਾਮੀ ਨੂੰ ਨਾ ਤਾਂ ਮੰਨਿਆ ਗਿਆ ਤੇ ਨਾ ਹੀ ਕਿਸੇ ਨੂੰ ਸਜ਼ਾ ਮਿਲੀ। ਸੈਨਿਕ ਦ੍ਰਿਸ਼ਟੀ ਤੋਂ ਇਹ ਅਪਰੇਸ਼ਨ ਜ਼ੋਜੀ ਲਾ ਤੋਂ ਸ਼ੁਰੂ ਹੋ ਕੇ 200 ਕਿਲੋਮੀਟਰ ਪੂਰਬ ਵੱਲ ਮਸ਼ਕੋਹ-ਦਰਾਸ-ਕਾਰਗਿਲ-ਬਟਾਲਿਕ-ਤੁਰਤੁਕ ਦੀ ਧੁਰੀ ਤੱਕ ਦੇ ਇਲਾਕੇ 'ਚ ਸੀਮਤ ਸੀ ਜਿਸ ਦੇ ਕੇਂਦਰ 'ਚ ਬਟਾਲਿਕ ਤੇ ਦਰਾਸ ਸੈਕਟਰਾਂ 'ਚ ਤੋਲੋਲਿੰਗ, ਟਾਈਗਰ ਹਿੱਲ ਤੇ ਹੋਰਨਾਂ ਪਰਬਤੀ ਚੋਟੀਆਂ 'ਤੇ 5-12 ਕਿਲੋਮੀਟਰ ਤੱਕ ਦੇ ਇਲਾਕੇ ਵਿਚ ਹੋਈ ਘੁਸਪੈਠ ਸੀ।

ਹਵਾਈ ਅਪਰੇਸ਼ਨ ਭਾਰਤ ਵਾਲੇ ਪਾਸੇ ਕੰਟਰੋਲ ਰੇਖਾ (ਐੱਲਓਸੀ) ਤੱਕ ਹੀ ਸੀਮਤ ਸੀ। ਜਲ ਸੈਨਾ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਸੀ। ਦੂਜੇ ਅਰਥਾਂ ਵਿੱਚ ਇਹ ਕੋਈ ਸੰਪੂਰਨ ਜੰਗ ਨਹੀਂ ਸੀ। ਐੱਲਓਸੀ ਜਾਂ ਕੌਮਾਂਤਰੀ ਸਰਹੱਦ ਪਾਰ ਕੀਤੇ ਬਿਨਾਂ ਪਾਕਿਸਤਾਨੀਆਂ ਹੱਥੋਂ ਪਰਬਤੀ ਚੋਟੀਆਂ ਖਾਲੀ ਕਰਾਉਣ ਲਈ ਵੱਡੀ ਗਿਣਤੀ ਭਾਰਤੀਆਂ ਨੂੰ ਜਾਨ ਵਾਰਨੀ ਪਈ। ਘੁਸਪੈਠੀਆਂ ਨੇ ਭਾਰਤੀ ਖੇਤਰ ਦੇ ਵੱਡੇ ਹਿੱਸੇ ਨੂੰ ਅਤਿ-ਸੰਵੇਦਨਸ਼ੀਲ ਬਣਾ ਦਿੱਤਾ ਸੀ। ਕੌਮੀ ਰਾਜਮਾਰਗ 1-ਏ ਤੋਂ ਲੰਘ ਰਿਹਾ ਕੋਈ ਵੀ ਵਾਹਨ ਪਾਕਿਸਤਾਨ ਦੇ ਘੇਰੇ 'ਚ ਸੀ ਤੇ ਖਿੱਤੇ ਵਿਚ ਕਿਸੇ ਵੀ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਸੀ। ਹੁਣ ਤੱਕ ਵੀ ਪਾਕਿਸਤਾਨੀ ਟਰੋਲ ਦਾਅਵਾ ਕਰਦੇ ਹਨ ਕਿ ਪੁਆਇੰਟ 5353 'ਤੇ ਕਬਜ਼ੇ ਨਾਲ ਉਨ੍ਹਾਂ ਨੂੰ ਇਲਾਕੇ ਦੀ ਰੂਪ-ਰੇਖਾ ਮਿਲ ਗਈ ਸੀ।

ਇਹ ਉਨ੍ਹਾਂ 559 ਸ਼ਹੀਦਾਂ ਦੇ ਬਲਿਦਾਨ ਦੀ ਗਾਥਾ ਹੈ ਜਿਨ੍ਹਾਂ ਕੀੜੀਆਂ ਵਾਂਗ ਪਹਾੜਾਂ ਦੀਆਂ ਚੋਟੀਆਂ ਸਰ ਕਰ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਪਾਕਿਸਤਾਨੀ, ਗੋਲੀਬਾਰੀ ਕੀਤੇ ਬਿਨਾਂ ਉਪਰੋਂ ਸਿਰਫ਼ ਪੱਥਰਾਂ ਨੂੰ ਰੋੜ੍ਹ ਕੇ ਇਨ੍ਹਾਂ ਦੀ ਜਾਨ ਲੈ ਸਕਦੇ ਸਨ, ਤੇ ਜੰਗ ਜਿ ?ਆਦਾਤਰ ਇਸੇ ਬਾਰੇ ਹੀ ਸੀ- ਸੈਨਿਕਾਂ ਦਾ ਅਸੰਭਵ ਜਾਪਦੇ ਪਹਾੜਾਂ 'ਤੇ ਚੜ੍ਹਨਾ। ਫਿਰ ਵੀ, ਜੇ ਭਾਰਤੀਆਂ ਨੇ ਪਰਬਤ ਚੜ੍ਹੇ, ਦੁਸ਼ਮਣ ਦਾ ਸਾਹਮਣਾ ਕੀਤਾ ਤੇ ਆਖ਼ਰੀ ਘੁਸਪੈਠੀਏ ਨੂੰ ਬਾਹਰ ਕੱਢਣ ਤੱਕ ਉਨ੍ਹਾਂ ਨਾਲ ਲੜੇ ਤਾਂ ਇਹ ਅਜਿਹੀ ਕਹਾਣੀ ਹੈ ਜਿਸ ਨੂੰ ਵਾਰ-ਵਾਰ ਦੱਸਿਆ ਜਾਣਾ ਚਾਹੀਦਾ ਹੈ। ਇਹ ਉਨ੍ਹਾਂ ਅਧਿਕਾਰੀਆਂ ਤੇ ਜਵਾਨਾਂ ਦੇ ਅਨੁਸ਼ਾਸਨ, ਇਕਜੁੱਟਤਾ ਅਤੇ ਮੁਲਕ ਪ੍ਰਤੀ ਉਨ੍ਹਾਂ ਦੀ ਮੁਕੰਮਲ ਵਚਨਬੱਧਤਾ ਦੀ ਦਾਸਤਾਨ ਹੈ ਜਿਨ੍ਹਾਂ ਬਹਾਦਰੀ ਨਾਲ ਆਪਣੀ ਜਾਨ ਦਾਅ 'ਤੇ ਲਾਈ।

ਕਾਰਗਿਲ ਦੀ ਦਾਸਤਾਨ ਬਿਆਨ ਕਰਨ ਵੇਲੇ ਉਸ ਸ਼ਖ਼ਸ ਦਾ ਨਿੱਜੀ ਤਜਰਬਾ ਜ਼ਰੂਰ ਆਉਣਾ ਚਾਹੀਦਾ ਹੈ ਜੋ ਤੋਲੋਲਿੰਗ ਰਿਜ ਖਾਲੀ ਕਰਾਉਣ ਅਤੇ ਮਗਰੋਂ ਟਾਈਗਰ ਹਿੱਲ ਨੂੰ ਕਬਜ਼ੇ ਵਿਚ ਲੈਣ 'ਚ ਸ਼ਾਮਲ ਸੀ। ਘੁਸਪੈਠੀਆਂ ਦੀ ਗਿਣਤੀ ਬਾਰੇ ਕੱਚਾ ਜਿਹਾ ਅੰਦਾਜ਼ਾ ਵੀ ਨਾ ਮਿਲਣ ਤੋਂ ਉਹ ਅਜੇ ਤੱਕ ਨਾਰਾਜ਼ ਹੈ, ਉਹ ਖ਼ਫ਼ਾ ਹੈ ਕਿ ਕਈ ਕਰੀਬੀ ਸਾਥੀਆਂ ਨੂੰ ਉਸ ਨੇ ਆਪਣੀਆਂ ਬਾਹਾਂ ਵਿਚ ਦਮ ਤੋੜਦਿਆਂ ਦੇਖਿਆ; ਉਸ ਨੂੰ ਇਸ ਗੱਲ ਦੀ ਵੀ ਨਾਰਾਜ਼ਗੀ ਹੈ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਤਿਆਰੀ ਦੇ ਜੰਗ ਵਿਚ ਧੱਕ ਦਿੱਤਾ ਗਿਆ, ਅਸਬਾਬ ਤੇ ਕਈ ਹੋਰ ਚੀਜ਼ਾਂ ਬਾਰੇ ਵੀ ਉਸ ਨੂੰ ਨਾਰਾਜ਼ਗੀ ਹੈ ਪਰ ਉਸ ਨੇ ਚੁੱਪ ਰਹਿਣ ਦਾ ਫ਼ੈਸਲਾ ਕੀਤਾ। ਗੁਜ਼ਰੇ 25 ਸਾਲਾਂ ਵਿਚ ਕਈ ਫਿ ?ਲਮਾਂ ਬਣਨ, ਕਈ ਕਿਤਾਬਾਂ ਤੇ ਲੇਖ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਕਾਰਗਿਲ ਦੀਆਂ ਕ

ਹਾਈਟੇਕ ਹੋ ਰਹੀ ਚੋਣ ਕਮਿਸ਼ਨ, ਲੋਕ ਸਭਾ ਚੋਣਾਂ ਵਿਚ ਉਮੀਦਵਾਰਾਂ ਦੀ ਸਹੂਲਤ ਲਈ ਬਣਾਇਆ ਸਹੂਲਤ ਪੋਰਟਲ

➢ ਚੋਣ ਪ੍ਰਚਾਰ ਗਤੀਵਿਧੀਆਂ ਦੇ ਲਈ ਆਨਲਾਇਨ ਦਿੱਤੀ ਜਾ ਰਹੀ ਮੰਜੂਰੀ ➢ ਹਰਿਆਣਾ ਵਿਚ ਹੁਣ ਤਕ 207 ਅਪੀਲ ਹੋ ਚੁੱਕੇ ਪ੍ਰਾਪਤ ➢ ਸਹੂਲਤ ਪੋਰਟਲ ਨਾਲ ਚੋਣ ਪ੍ਰਬੰਧਨ ਵਿਚ ਆ ਰਹੀ ਪਾਰਦਰਸ਼ਿਤਾ - ਅਨੁਰਾਗ ਅਗਰਵਾਲ

ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਸੂਚਨਾ ਤਕਨਾਲੋਜੀ ਦੇ ਯੁੱਗ ਵਿਚ ਭਾਰਤੀ ਚੋਣ ਕਮਿਸ਼ਨ ਵੀ ਲਗਾਤਾਰ ਹਾਈਟੇਕ ਹੋ ਰਿਹਾ ਹੈ। ਇਸ ਵਾਰ ਦੇ ਲੋਕਸਭਾ ਆਮ ਚੋਣਾਂ ਲਈ ਚੋਣ ਕਮਿਸ਼ਨ ਨੇ ਕਈ ਮੋਬਾਇਲ ਐਪ ਤੇ ਪੋਰਟਲ ਲਾਂਚ ਕੀਤੇ ਹਨ, ਜਿਸ ਤੋਂ ਚੋਣ ਪ੍ਰਕ੍ਰਿਆ ਨਾਲ ਸਬੰਧਿਤ ਗਤੀਵਿਧੀਆਂ ਦੇ ਲਾਗੂ ਕਰਨ ਵਿਚ ਕਮਿਸ਼ਨ ਦੇ ਨਾਲ-ਨਾਲ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਹੂਲਤ ਹੋ ਰਹੀ ਹੈ।

ਇਸ ਲੜੀ ਵਿਚ ਕਮਿਸ਼ਨ ਵੱਲੋਂ ਲਾਂਚ ਕੀਤੇ ਗਏ ਸਹੂਲਤ ਪੋਰਟਲ (https://suvidha.eci.gov.in) ਰਾਹੀਂ ਚੋਣ ਪ੍ਰਚਾਰ ਗਤੀਵਿਧੀਆਂ ਲਈ ਆਨਲਾਇਨ ਮੰਜੂਰੀ ਦਿੱਤੀ ਜਾ ਰਹੀ ਹੈ। ਹੁਣ ਤਕ ਹਰਿਆਣਾ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂਤੇ ਉਮੀਦਵਾਰਾਂ ਵੱਲੋਂ 207 ਅਪੀਲ ਪ੍ਰਾਪਤ ਹੋ ਚੁੱਕੇ ਹਨ।

ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਸਹੂਲਤ ਪੋਰਟਲ ਇਕ ਤਕਨੀਕੀ ਹੱਲ ਹੈ, ਜੋ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਦੇ ਲੋਕਤਾਂਤਰਿਕ ਸਿਦਾਂਤਾਂ ਨੂੰ ਕਾਇਮ ਰੱਖਦੇ ਹੋਏ ਸਾਰਿਆਂ ਨੂੰ ਸਮਾਨ ਮੌਕਾ ਯਕੀਨੀ ਕਰਦਾ ਹੈ। ਇਸ ਸਹੂਲਤ ਪੋਰਟਲ ਰਾਹੀਂ ਚੋਣ ਸਮੇਂ ਦੌਰਾਨ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਮੰਜੂਰੀ ਅਤੇ ਸਹੂਲਤਾਂ ਦੀ ਅਪੀਲ ਪ੍ਰਾਪਤ ਕਰਨ ਅਤੇ ਉਨ੍ਹਾਂ 'ਤੇ ਕਾਰਵਾਈ ਕਰਨ ਦੀ ਪ੍ਰਕ੍ਰਿਆ ਨੂੰ ਸਹੀ ਢੰਗ ਨਾਲ ਕੀਤਾ ਜਾਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਚੋਣ ਮੁਹਿੰਮ ਸਮੇਂ ਦੌਰਾਨ ਜਦੋਂ ਪਾਰਟੀਆਂ ਅਤੇ ਉਮੀਦਵਾਰ ਵੋਟਰਾਂ ਤਕ ਪਹੁੰਚਣ ਲਈ ਗਤੀਵਿਧੀਆਂ ਵਿਚ ਵਿਅਸਤ ਹੁੰਦੇ ਹਨ, ਤਾਂ ਉਸ ਦੌਰਾਨ ਇਹ ਸਹੂਲਤ ਪੋਰਟਲ ਪਹਿਲਾਂ ਆਓ ਪਹਿਲਾਂ ਪਾਓ ਦੇ ਸਿਦਾਂਤ 'ਤੇ ਪਾਰਦਰਸ਼ੀ ਰੂਪ ਨਾਲ ਵਿਵਿਧ ਸ਼੍ਰੇਣੀ ਦੇ ਤਹਿਤ ਮੰਜੂਰ ਅਪੀਲਾਂ 'ਤੇ ਕਾਰਵਾਈ ਕਰਦਾ ਹੈ। ਇਸ ਪੋਰਟਲ 'ਤੇ ਰੈਲੀਆਂ ਦੇ ਪ੍ਰਬੰਧ, ਅਸਥਾਈ ਪਾਰਟੀ ਦਫਤਰ ਖੋਲਣ ਘਰ-ਘਰ ਜਾ ਕੇ ਪ੍ਰਚਾਰ ਕਰਨ, ਵੀਡੀਓ ਵੈਨ, ਹੈਲੀਕਾਪਰ, ਵਾਹਨ ਪਰਮਿਟ ਪ੍ਰਾਪਤ ਕਰਨ ਤੇ ਪਰਚੇ ਵੰਡਣ ਸਮੇਤ ਵੱਖ-ਵੱਖ ਗਤੀਵਿਧੀਆਂਦੀ ਮੰਜੂਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੁੱਖ ਚੋਣ ਅਧਿਕਾਰੀ ਨੇ ਦਸਿਆ ਸਹੂਲਤ ਪੋਰਟਲ ਰਾਹੀਂ ਰਾਜਨੀਤਿਕ ਪਾਰਟੀ ਅਤੇ ਉਮੀਦਵਾਰ ਕਿਤੋਂ ਵੀ, ਕਿਸੇ ਵੀ ਸਮੇਂ ਆਨਲਾਇਨ ਮੰਜੂਰੀ ਅਪੀਲ ਪੇਸ਼ ਕਰ ਸਕਦੇ ਹਨ। ਇਸ ਤੋਂ ਇਲਾਵਾ, ਸਾਰੇ ਹਿੱਤਧਾਰਕਾਂ ਲਈ ਸਮਾਨ ਮੌਕਾ ਸਕੀਨੀ ਕਰਨ ਦੇ ਲਈ ਆਨਲਾਇਨ ਸਬਮਿਸ਼ਨ ਵਿਕਲਪ ਵੀ ਉਪਲਬਧ ਹੈ। ਪੋਰਟਲ ਵਿਚ ਇਕ ਐਪ ਵੀ ਹੈ ਜੋ ਬਿਨੈਕਾਰਾਂ ਨੂੰ ਮੌਜੂਦਾ ਸਮੇਂ ਵਿਚ ਆਪਣੀ ਅਪੀਲਾਂ ਦੀ ਸਥਿਤੀ ਨੂੰ ਟ੍ਰੈਕ ਕਰਨ ਵਿਚ ਸਮਰੱਥ ਬਣਾਉਂਦਾ ਹੈ, ਜਿਸ ਨਾਲ ਪ੍ਰਕ੍ਰਿਆ ਵਿਚ ਹੋਰ ਵੱਧ ਸਹੂਲਤ ਅਤੇ ਪਾਰਦਰਸ਼ਿਤਾ ਆਉਂਦੀ ਹੈ।

ਇਸ ਤੋਂ ਇਲਾਵਾ, ਪੋਰਟਰ 'ਤੇ ਉਪਲਬਧ ਮੰਜੂਰੀ ਡੇਟਾ ਚੋਣ ਖਰਚ ਦੀ ਜਾਂਚ ਕਰਨ ਲਈ ਇਕ ਮੁਲਾਂਕਨ ਸਰੋਤ ਵਜੋਂ ਕੰਮ ਕਰਦਾ ਹੈ, ਜੋ ਚੋਣਾਵੀ ਪ੍ਰਕ੍ਰਿਆ ਵਿਚ ਵੱਧ ਜਵਾਬਦੇਹੀ ਅਤੇ ਅਖੰਡਤਾ ਵਿਚ ਯੋਗਦਾਨ ਦਿੰਦਾ ਹੈ।

ਕਣਕ ਦੇ ਫਸਲ ਦੇ ਅਵਸ਼ੇਸ਼ਾਂ ਨੂੰ ਜਲਾਉਣ 'ਤੇ ਲਗਾਈ ਪਾਬੰਧੀ

ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-

ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਉਦੇਸ਼ ਨਾਲ ਫਤਿਹਾਬਾਦ ਦੇ ਸਿਟੀ ਮੈਜੀਸਟ੍ਰੇਟ ਰਾਹੁਲ ਨਰਵਾਲ ਨੇ ਭਾਰਤੀ ਸਜਾ ਪ੍ਰਕ੍ਰਿਆ ਸੰਹਿਤਾ 1973 ਦੀ ਧਾਰਾ 144 ਵਿਚ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਫਤਿਹਾਬਾਦ ਵਿਚ ਤੁਰੰਤ ਪ੍ਰਭਾਵ ਨਾਲ ਕਣਕ ਦੀ ਫਸਲ ਦੀ ਕਟਾਈ ਦੇ ਬਾਅਦ ਬਚੇ ਹੋਏ ਅਵਸ਼ੇਸ਼ਾਂ ਨੂੰ ਜਲਾਉਣ 'ਤੇ ਪਾਬੰਦੀ ਲਗਾਈ ਹੈ।

ਇਸ ਤੋਂ ਇਲਾਵਾ ਸਾਰੀ ਕੰਬਾਇਨ ਹਾਰਵੇਸਟਰ ਮਸ਼ੀਨ ਦੇ ਮਾਲਿਕਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ ਕਣਕ ਦੀ ਫਸਲ ਦੀ ਕਟਾਈ ਦੌਰਾਨ ਆਪਣੀ ਕੰਬਾਇਨ ਹਾਰਵੇਸਟਰ ਮਸ਼ੀਨਾਂ ਵਿਚ ਸੁਪਰ ਸਟ੍ਰਾਅ ਮੈਨੇਜਮੈਂਟ ਸਿਸਟਮ (ਐਸਐਸਐਮਐਸ) ਲਗਵਾਉਣਾ ਯਕੀਨੀ ਕਰਨ। ਬਿਨ੍ਹਾਂ ਐਸਐਸਐਮਐਸ ਕੰਬਾਇਨ ਹਾਰਵੇਸਟਰ ਮਸ਼ੀਨਾਂ ਵੱਲੋਂ ਕਣਕ ਦੀ ਫਸਲ ਕੱਟਣ 'ਤੇ ਪੂਰੀ ਤਰ੍ਹਾ ਰੋਕ ਰਹੇਗੀ। ਇਹ ਆਦੇਸ਼ ਫਸਲ ਰਬੀ ਸੀਜਨ 2024 ਖਤਮ ਹੋਣ ਤਕ ਪ੍ਰਭਾਵੀ ਰਹਿਣਗੇ।

ਸਿਟੀ ਮੈਜੀਸਟ੍ਰੇਟ ਨਰਵਾਲ ਨੇ ਦਸਿਆ ਕਿ ਰਬੀ ਦੀ ਫਸਲ ਦੌਰਾਨ ਕਿਸਾਨਾਂ ਵੱਲੋਂ ਕਣਕ ਦੀ ਫਸਲ ਕਟਾਈ ਦੇ ਬਾਅਦ ਬਚੇ ਹੋਏ ਵੇਸਟ ਵਿਚ ਅੱਗ ਲਗਾ ਦਿੱਤੀ ਜਾਂਦੀ ਹੈ, ਜੋ ਕਿ ਹਵਾ ਅਤੇ ਪ੍ਰਦੂਸ਼ਣ ਕੰਟਰੋਲ ਐਕਟ 1981 ਅਤੇ ਭਾਰਤੀ ਸਜਾ ਸੰਹਿਤਾ ਦਾ ਉਲੰਘਣ ਹੈ।

ਇੰਨ੍ਹਾਂ ਅਵਸ਼ੇਸ਼ਾਂ ਦੇ ਜਲਾਉਣ ਤੋਂ ਹੋਣ ਵਾਲੇ ਪ੍ਰਦੂਸ਼ਣ ਨਾਲ ਮਨੁੱਖ ਦੀ ਸਿਹਤ, ਸਪੰਤੀ ਦੀ ਹਾਨੀ, ਤਨਾਅ,, ਗੁੱਸਾ ਅਤੇ ਜੀਵਨ ਨੂੰ ਬਾਹਰੀ ਖਤਰੇ ਦੀ ਸੰਭਾਵਨਾ ਰਹਿੰਦੀ ਹੈ। ਜਦੋਂ ਕਿ ਇੰਨ੍ਹਾਂ ਅਵਸ਼ੇਸ਼ਾਂ ਨਾਲ ਪਸ਼ੂਆਂ ਦੇ ਲਈ ਤੂੜੀ ਬਣਾਈ ਜਾ ਸਕਦੀ ਹੈ। ਇਸ ਦੇ ਜਲਾਉਣ ਨਾਲ ਚਾਰੇ ਦੀ ਵੀ ਕਮੀ ਹੋ ਜਾਂਦੀ ਹੈ। ਉਪਰੋਕਤ ਆਦੇਸ਼ਾਂ ਦੀ ਉਲੰਘਣਾ ਵਿਚ ਜੇਕਰ ਕੋਈ ਵਿਅਕਤੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਭਾਰਤੀ ਸਜਾ ਸੰਹਿਤਾ ਦੀ ਧਾਰਾ 188 ਸੰਗਠਤ ਹਵਾ ਅਤੇ ਪ੍ਰਦੂਸ਼ਣ ਕੰਟਰੋਲ ਐਕਟ 1981 ਦੇ ਤਹਿਤ ਸਜਾ ਦਾ ਭਾਗੀ ਹੋਵੇਗਾ।

ਚੋਣਾਂ ਦੌਰਾਨ ਅਵੈਧ ਸ਼ਰਾਬ ਤੇ ਨਸ਼ੀਲੇ ਪਦਾਰਥਾਂ 'ਤੇ ਰੱਖੀ ਜਾ ਰਹੀ ਪੈਨੀ ਨਜਰ

ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਚ ਲੋਕਸਭਾ ਆਮ ਚੋਣਾਂ ਦੇ ਮੱਦੇਨਜਰ ਅਵੈਧ ਸ਼ਰਾਬ ਤੇ ਨਸ਼ੀਲੇ ਪਦਾਰਥਾਂ 'ਤੇ ਵੱਖ-ਵੱਖ ਏਜੰਸੀਆਂ ਵੱਲੋਂ ਪੈਨੀ ਨਜਰ ਰੱਖੀ ਜਾ ਰਹੀ ਹੈ।

ਹੁਣ ਤਕ ਰਾਜ ਵਿਚ ਸਾਢੇ 10 ਕਰੋੜ ਰੁਪਏ ਤੋਂ ਵੱਧ ਦੀ ਅਵੈਧ ਸ਼ਰਾਬ ਤੇ ਨਸ਼ੀਲੇ ਪਦਾਰਥ ਅਤੇ 3.62 ਕਰੋੜ ਰੁਪਏ ਨਗਦ ਰਕਮ ਜਬਤ ਕੀਤੀ ਗਈ ਹੈ।

ਰਾਜ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਚੋਣ ਜਾਬਤਾ ਲਾਗੂ ਹੋਣ ਦੇ ਬਾਅਦ ਰਾਜ ਵਿਚ ਪੁਲਿਸ, ਇੰਕਮ ਟੈਕਸ ਵਿਭਾਗ, ਆਬਕਾਰੀ ਅਤੇ ਕਰਾਧਾਨ ਵਿਭਾਗ ਅਤੇ ਮਾਲ ਆਸੂਚਨਾ ਮੁੱਖ ਦਫਤਰ (ਡੀਆਰਆਈ) ਵੱਲੋਂ ਉਪਰੋਕਤ ਕਾਰਵਾਈ ਕੀਤੀ ਗਈ ਹੈ।

ਉਨ੍ਹਾਂ ਨੇ ਦਸਿਆ ਕਿ ਪੁਲਿਸ ਵੱਲੋਂ 40.22 ਲੱਖ ਰੁਪਏ ਨਗਦ, 225.57 ਲੱਖ ਰੁਪਏ ਦੀ ਕੀਮਤ ਦੀ 70,671.54 ਲੀਟਰ ਸ਼ਰਾਬ, 514.48 ਲੱਖ ਰੁਪਏ ਦੀ ਕੀਮਤ ਦੇ ਨਸ਼ੀਲੇ ਪਦਾਰਥ, ਲੋਭ-ਲਾਲਚ ਤੇ ਹੋਰ ਵਸਤੂਆਂ, ਜਿਨ੍ਹਾਂ ਦੀ ਕੀਮਤ 56.81 ਲੱਖ ਰੁਪਏ ਹੈ, ਜਬਤ ਕੀਤੀ ਗਈ ਹੈ।

ਇਸੀ ਤਰ੍ਹਾਂ, ਇੰਕਮ ਟੈਕਸ ਵਿਭਾਗ ਵੱਲੋਂ 42 ਲੱਖ ਰੁਪਏ ਨਗਦ, 173 ਲੱਖ ਰੁਪਏ ਤੋਂ ਵੱਧ ਦੇ 2967.88 ਗ੍ਰਾਮ ਕੀਮਤੀ ਸਮਾਨ ਅਤੇ 42.19 ਲੱਖ ਰੁਪਏ ਦੀ ਹੋਰ ਵਸਤੂਆਂ ਨੂੰ ਜਬਤ ਕੀਤਾ ਗਿਆ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਆਬਕਾਰੀ ਵਿਭਾਗ ਵੱਲੋਂ ਢਾਈ ਲੱਖ ਰੁਪਏ ਨਗਦ, 40 ਲੱਖ ਰੁਪਏ ਦੀ 101036 ਲੀਟਰ ਸ਼ਰਾਬ ਜਬਤ ਕੀਤੀ ਗਈ ਹੈ। ਇਸ ਤੋਂ ਇਲਾਵਾ, ਡੀਆਰਆਈ ਵੱਲੋਂ 2 ਕਰੋੜ 78 ਲੱਖ ਰੁਪਏ ਦੀ ਲਗਦ ਰਕਮ ਜਬਤ ਕੀਤੀ ਗਈ ਹੈ।

ਚੋਣ ਜਾਬਤਾ ਦੇ ਪ੍ਰਤੀ ਆਮ ਨਾਗਰਿਕ ਵੀ ਸੁਚੇਤ - ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਲੋਕਸਭਾ ਆਮ ਚੋਣਾਂ ਦੇ ਮੱਦੇਨਜਰ ਲਾਗੂ ਚੋਣ ਜਾਬਤਾ ਦੇ ਉਲੰਘਣ ਦੇ ਸਬੰਧ ਵਿਚ ਸੀ-ਵਿਜਿਲ ਐਪ ਰਾਹੀਂ ਨਾਗਰਿਕਾਂ ਵੱਲੋਂ ਵੀ ਪੈਨੀ ਨਜਰ ਰੱਖੀ ਜਾ ਰਹੀ ਹੈ। ਰਾਜ ਵਿਚ ਹੁਣ ਤਕ 1204 ਸ਼ਿਕਾਇਤਾਂ ਸੀ-ਵਿਜਿਲ ਮੋਬਾਇਲ ਐਪ 'ਤੇ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਯਕੀਨੀ ਸਮੇਂ ਵਿਚ ਹੱਲ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਆਮਜਨਤਾ ਸੀ-ਵਿਜਿਲ ਮੋਬਾਇਲ ਐਪ ਰਾਹੀਂ ਸਿਸਟਮ ਵਿਚ ਆਪਣੀ ਭਾਗੀਦਾਰੀ ਯਕੀਨੀ ਕਰ ਰਹੇ ਹਨ, ਇਹ ਮਾਣ ਦੀ ਗੱਲ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਸੀ-ਵਿਜਿਲ ਮੋਬਾਇਲ ਐਪ ਰਾਹੀਂ ਆਮਜਨਤਾ ਨੂੰ ਚੋਣ ਆਬਜਰਵਰ ਦੇ ਸਮਾਨ ਇਕ ਸ਼ਕਤੀ ਪ੍ਰਦਾਨ ਕਰ ਰਿਹਾ ਹੈ, ਜਿਸ ਤੋਂ ਨਾਗਰਿਕ ਚੋਣ ਜਾਬਤਾ ਦਾ ਉਲੰਘਣ ਹੋਣ ਦੀ ਸ਼ਿਕਾਇਤ ਦਰਜ ਕਰਵਾ ਰਹੇ ਹਨ। ਉਨ੍ਹਾਂ ਨੇ ਜਿਲਾਵਾਰ ਵੇਰਵਾ ਦਿੰਦੇ ਹੋਏ ਦਸਿਆ ਕਿ ਸੱਭ ਤੋਂ ਵੱਧ 317 ਸ਼ਿਕਾਇਤਾਂ ਜਿਲ੍ਹਾ ਸਿਰਸਾ ਤੋਂ ਪ੍ਰਾਪਤ ਹੋਈਆਂ ਹਨ। ਇਸੀ ਤਰ੍ਹਾ ਜਿਲ੍ਹਾ ਅੰਬਾਲਾ ਤੋਂ 219 , ਭਿਵਾਨੀ ਤੋਂ 46, ਫਰੀਦਾਬਾਦ ਤੋਂ 40, ਫਤਿਹਾਬਾਦ ਤੋਂ 437, ਗੁੜਗਾਂਓ ਤੋਂ 78, ਹਿਸਾਰ ਤੋਂ 40, ਝੱਜਰ ਤੋਂ 20, ਜੀਂਦ ਤੋਂ ਕੈਥਲ ਤੋਂ 22-22, ਕਰਨਾਲ ਤੋਂ 16, ਕੁਰੁਕਸ਼ੇਤਰ ਤੋਂ 31, ਮਹੇਂਦਰਗੜ੍ਹ ਤੋਂ 3, ਮੇਵਾਤ ਤੋਂ 36, ਪਲਵਲ ਤੋਂ 32, ਪੰਚਕੂਲਾ ਤੋਂ 67, ਪਾਣੀਪਤ ਤੋਂ 5, ਰਿਵਾੜੀ ਤੋਂ 3, ਰੋਹਤਕ ਤੋਂ 34, ਸੋਨੀਪਤ ਤੋਂ 87 ਅਤੇ ਯਮੁਨਾਨਗਰ ਤੋਂ 43 ਸ਼ਿਕਾਇਤਾਂ ਪ੍ਰਾਪਤ. ਹੋਈਆਂ ਹਨ। ਇੰਨ੍ਹਾਂ ਵਿੱਚੋਂ 959 ਸ਼ਿਕਾਇਤਾਂ ਸਹੀ ਪਾਈਆਂ ਗਈਆਂ ਅਤੇ ਇੰਨ੍ਹਾਂ 'ਤੇ ਨਿਯਮਅਨੁਸਾਰ ਕਾਰਵਾਈ ਕੀਤੀ ਗਈ।

ਉਨ੍ਹਾਂ ਨੇ ਨਾਗਰਿਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਚੋਣਾਂ ਨੂੰ ਨਿਰਪੱਖ, ਸਵੱਛ ਅਤੇ ਪਾਰਦਰਸ਼ੀ ਬਨਾਉਣ ਵਿਚ ਨਾਗਰਿਕ ਆਪਣਾ ਸਹਿਯੋਗ ਕਰਨ।

ਇਸ ਸੀ-ਵਿਜਿਲ ਐਪ ਨੂੰ ਗੂਗਲ ਪਲੇ ਸਟੋਰ ਤੋਂ ਏਂਡਰਾਇਡ ਫੋਨ ਅਤੇ ਐਪ ਸਟੋਰ ਤੋਂ ਆਈ ਸਟੋ 'ਤੇ ਡਾਊਨਲੋਡ ਕਰ ਸਕਦੇ ਹਨ। ਆਮਜਨਤਾ ਫੋਟੋ ਖਿੱਚ ਸਕਦੇ ਹਨ ਜਾਂ ਦੋ ਮਿੰਟ ਦੀ ਵੀਡੀਓ ਵੀ ਰਿਕਾਰਡ ਕਰ ਕੇ ਇਸ ਐਪ 'ਤੇ ਅਪਲੋਡ ਕਰ ਸਕਦੇ ਹਨ। ਉਹ ਫੋਟੋ ਅਤੇ ਵੀਡੀਓ ਜੀਪੀਐਸ ਲੋਕੇਸ਼ਨ ਦੇ ਨਾਲ ਐਪ 'ਤੇ ਅਪਲੋਡ ਹੋ ਜਾਵੇਗੀ। ਸ਼ਿਕਾਇਤ ਦਰਜ ਕਰਨ ਦੇ 100 ਮਿੰਟਾਂ ਵਿਚ ਸ਼ਿਕਾਇਤ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਫਲਾਇੰਗ ਸਕਵਾਰਡ, ਸਟੇਟਿਕ ਸਰਵਿਲੈਂਸ ਟੀਮਾਂ ਦੀ ਲਾਇਵ ਜਾਣਕਾਰੀ ਰਹਿੰਦੀ ਹੈ ਅਤੇ ਸੀ-ਵਿਜਿਲ ਐਪ 'ਤੇ ਜਿਸ ਸਥਾਨ ਤੋਂ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਜੋ ਨੇੜੇ ਟੀਮਾਂ ਤੁਰੰਤ ਉੱਥੇ ਪਹੁੰਚਣਗੀਆਂ।

ਪਤਨੀ ਤੇ ਪੁੱਤ ਨਾਲ ਮਿਲ ਕੇ ਮਾਂ ਦਾ ਕਤਲ, ਲਾਸ਼ ਨਹਿਰ ਵਿੱਚ ਸੁੱਟੀ

ਯਮੁਨਾਨਗਰ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-

ਵਿਅਕਤੀ ਵੱਲੋਂ ਪਤਨੀ ਤੇ ਪੁੱਤ ਨਾਲ ਮਿਲ ਕੇ ਆਪਣੀ ਮਾਂ ਨੂੰ ਕਥਿਤ ਕਤਲ ਕਰ ਕੇ ਲਾਸ਼ ਨਹਿਰ ਸੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੀ ਪਛਾਣ ਪਿੰਡ ਸਸੌਲੀ ਦੀ 68 ਸਾਲਾ ਨੀਲਮ ਦੇਵੀ ਵਜੋਂ ਹੋਈ ਹੈ।

ਜਾਣਕਾਰੀ ਮੁਤਾਬਕ ਉਸ ਦੇ ਪੁੱਤਰ ਰਾਕੇਸ਼, ਨੂੰਹ ਸੁਮਨ ਅਤੇ ਪੋਤੇ ਸਾਗਰ ਨੇ ਨੀਲਮ ਦੇਵੀ ਨੂੰ ਹਰਿਦੁਆਰ ਗੰਗਾ ਇਸ਼ਨਾਨ ਕਰਵਾਉਣ ਦੇ ਬਹਾਨੇ ਉਤਰਾਖੰਡ ਦੇ ਡਾਲੀਪੁਰ ਡੈਮ 'ਤੇ ਲਿਜਾ ਕੇ ਗਲਾ ਘੁੱਟ ਕੇ ਕਥਿਤ ਹੱਤਿਆ ਕਰ ਦਿੱਤੀ ਅਤੇ ਬਾਅਦ ਵਿੱਚ ਲਾਸ਼ ਨਹਿਰ ਵਿੱਚ ਸੁੱਟ ਦਿੱਤੀ ਗਈ। ਸਾਗਰ ਨੇ ਫਰਕਪੁਰ ਥਾਣੇ ਵਿੱਚ 2 ਮਾਰਚ ਨੂੰ ਆਪਣੀ ਦਾਦੀ ਦੇ ਲਾਪਤਾ ਹੋਣ ਸਬੰਧੀ ਰਿਪੋਰਟ ਦਰਜ ਕਰਵਾਈ ਸੀ। ਪੁਲੀਸ ਨੇ ਸ਼ੱਕ ਦੇ ਅਧਾਰ 'ਤੇ ਸਾਗਰ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਗੁਨਾਹ ਕਬੂਲ ਕਰ ਲਿਆ। ਪੁਲੀਸ ਨੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਰਾਕੇਸ਼ ਦਾ ਆਪਣੀ ਮਾਂ ਨੀਲਮ ਨਾਲ ਜਾਇਦਾਦ ਕਾਰਨ ਵਿਵਾਦ ਚੱਲ ਰਿਹਾ ਸੀ ਜਿਸ ਤੋਂ ਬਾਅਦ ਮਾਂ ਨੇ ਪੁੱਤਰ ਨੂੰ ਘਰੋਂ ਕੱਢ ਦਿੱਤਾ ਸੀ। ਫਰਕਪੁਰ ਥਾਣਾ ਇੰਚਾਰਜ ਜਨਕ ਰਾਜ ਨੇ ਦੱਸਿਆ ਕਿ 2 ਮਾਰਚ ਨੂੰ ਪਿੰਡ ਸੁੱਫਲ ਵਾਸੀ ਸਾਗਰ ਨੇ ਆਪਣੀ ਦਾਦੀ ਨੀਲਮ ਦੇਵੀ ਦੇ ਲਾਪਤਾ ਹੋਣ ਸਬੰਧੀ ਸ਼ਿਕਾਇਤ ਥਾਣੇ 'ਚ ਦਰਜ ਕਰਵਾਈ ਸੀ। ਜਦੋਂ ਪੁਲੀਸ ਨੇ ਸਾਗਰ ਨੂੰ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਲਈ ਥਾਣੇ ਬੁਲਾਇਆ ਤਾਂ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ।

ਪੁਲੀਸ ਦੀ ਪੁੱਛਗਿੱਛ ਦੌਰਾਨ ਦੋਸ਼ੀ ਸਾਗਰ ਨੇ ਦੱਸਿਆ ਕਿ ਉਸ ਦੇ ਪਿਤਾ ਰਾਕੇਸ਼ ਦਾ ਦਾਦੀ ਨੀਲਮ ਨਾਲ ਜਾਇਦਾਦ ਨੂੰ ਲੈ ਕੇ ਝਗੜਾ ਸੀ । ਉਸ ਦੇ ਪਿਤਾ ਨੂੰ ਸ਼ੱਕ ਸੀ ਕਿ ਪਿੰਡ ਦੀ ਜਾਇਦਾਦ ਵੇਚ ਕੇ ਉਸ ਦੀ ਦਾਦੀ ਉਸ ਨੂੰ ਕੁਝ ਨਹੀਂ ਦੇਵੇਗੀ । ਜਿਸ 'ਤੇ ਉਹ ਪਿੰਡ ਆ ਕੇ ਆਪਣੀ ਦਾਦੀ ਨੂੰ ਗੰਗਾ 'ਚ ਇਸ਼ਨਾਨ ਕਰਵਾਉਣ ਦੇ ਬਹਾਨੇ ਹਰਿਦੁਆਰ ਲੈ ਗਏ । ਇਸ ਦੌਰਾਨ ਉਹ ਉਤਰਾਖੰਡ ਦੇ ਡਾਲੀਪੁਰ ਡੈਮ ਨੇੜੇ ਕਾਰ 'ਚ ਲੈ ਗਏ ਅਤੇ ਉਸ ਦਾ ਗਲਾ ਘੁੱਟ ਕੇ ਮਾਰ ਦਿੱਤਾ ਅਤੇ

ਅਲੀਵਾਲ ਕਬੱਡੀ ਖੇਡ ਮੇਲੇ ਦਾ ਆਗਾਜ਼; 7 ਕਿਲੋ 'ਚ ਵਣਮਾਜਰਾ ਰੋਪੜ ਨੇ ਪਹਿਲਾ ਸਥਾਨ ਮੱਲਿਆ

ਅਲੀਵਾਲ ਕੱਬਡੀ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਕਿਸਾਨ ਆਗੂ ਡਾ. ਦਰਸ਼ਨਪਾਲ ਤੇ ਜਰਨੈਲ ਕਰਤਾਰਪੁਰ।

ਦੇਵੀਗੜ੍ਹ, 8 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਧ ਬਾਬਾ ਲੱਛਮਣ ਜਤੀ ਯੂਥ ਕਲੱਬ ਅਲੀਵਾਲ ਵੱਲੋਂ ਮੁੱਖ ਪ੍ਰਬੰਧਕ ਕੁਲਜੀਤ ਸਿੰਘ ਮੱਲ੍ਹੀ ਦੀ ਦੇਖ-ਰੇਖ ਹੇਠਾਂ ਐਨਆਰਆਈਜ਼, ਪੰਜ-ਆਬ ਸੇਵਾ ਮੰਚ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਦੋ ਰੋਜ਼ਾ 18ਵਾਂ ਅਲੀਵਾਲ ਕਬੱਡੀ ਖੇਡ ਮੇਲਾ ਅੱਜ ਸ਼ੁਰੂ ਹੋ ਗਿਆ। ਇਸ ਦਾ ਉਦਘਾਟਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਡਾ. ਦਰਸ਼ਨਪਾਲ ਨੇ ਕੀਤਾ। ਨੌਜਵਾਨ ਪੀੜ੍ਹੀ ਨੂੰ ਨਸ਼ਿਆ ਤੋਂ ਦੂਰ ਰੱਖਣ ਲਈ ਖੇਡ ਮੇਲੇ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ, ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਦਾ ਕਿਸਾਨ ਦਿਨ ਪ੍ਰਤੀ ਦਿਨ ਕਰਜ਼ੇ ਦੇ ਭਾਰ ਹੇਠ ਦੱਬਦਾ ਜਾ ਰਿਹਾ ਹੈ। ਇਸ ਕਰਕੇ ਕਿਸਾਨ ਨੂੰ ਕਰਜ਼ਾ ਮੁਕਤ ਕਰਨਾ ਜ਼ਰੂਰੀ ਪਹਿਲੂ ਹੈ।

ਖੇਡ ਮੇਲੇ ਦੇ ਮੁੱਖ ਪ੍ਰਬੰਧਕ ਕੁਲਜੀਤ ਸਿੰਘ ਮੱਲ੍ਹੀ ਨੇ ਦੱਸਿਆ ਕਿ ਖੇਡ ਟੂਰਨਾਮੈਂਟ 'ਚ ਕਬੱਡੀ ਦੀਆਂ ਵੱਖ ਵੱਖ ਭਾਰ ਵਰਗ ਦੀਆਂ 40 ਟੀਮਾਂ ਨੇ ਹਿੱਸਾ ਲਿਆ। ਪਹਿਲੇ ਦਿਨ ਦੇ ਮੁਕਾਬਲਿਆਂ ਵਿੱਚ 47 ਕਿਲੋ 'ਚ ਵਣਮਾਜਰਾ ਰੋਪੜ ਨੇ ਪਹਿਲਾ, ਡਕਾਲਾ ਨੇ ਦੂਜਾ ਸਥਾਨ ਪਾਇਆ। 57 ਵਿਚ ਹਰਿਆਣਾ ਦੇ ਭਾਗਲ ਨੇ ਪਹਿਲਾ ਤੇ ਨਾਭਾ ਨੇ ਦੂਜਾ ਸਥਾਨ ਹਾਸਲ ਕੀਤਾ ਜਦਕਿ 75 ਕਿਲੋ ਭਾਰ 'ਚ ਪਹਿਲੇ ਸਥਾਨ 'ਤੇ ਬਲਵੇੜਾ ਅਤੇ ਦੂਜੇ 'ਤੇ ਜ਼ਿਲ੍ਹਾ ਸੰਗਰੂਰ ਦੀ ਡੂਡੀਆਂ ਟੀਮ ਰਹੀ। ਇਸ ਮੌਕੇ ਐਸਜੀਪੀਸੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਅਵਤਾਰ ਕੌਰਜੀਵਾਲਾ, ਕੁਲਜੀਤ ਸਿੰਘ ਮੱਲ੍ਹੀ, ਜਥੇਦਾਰ ਗੁਰਜੀਤ ਉੱਪਲੀ, ਸੁਰਜੀਤ ਪ੍ਰੋਹੜ, ਗੁਰਵਿੰਦਰ ਪ੍ਰੋਹੜ, ਲਵਪ੍ਰੀਤ ਬਗ਼ੀਚਾ, ਸ਼ਾਨਵੀਰ ਸਿੰਘ ਬ੍ਰਹਮਪੁਰਾ, ਦਿਲਬਾਗ ਸਿੰਘ, ਕਰਨਬੀਰ ਲਵਲੀ, ਪੂਰਨ ਅੌਲਖ, ਕਿਰਪਾ ਸਿੰਘ ਸਰੋਆ ਤੇ ਬਲਵਿੰਦਰ ਅਲੀਵਾਲ ਸਮੇਤ ਹੋਰ ਖੇਡ ਪ੍ਰੇਮੀਆਂ ਨੇ ਵੀ ਵੱਡੀ ਗਿਣਤੀ 'ਚ ਹਿੱਸਾ ਲਿਆ।

'ਆਪ' ਟੀਮ ਵੱਲੋਂ ਡੋਰ ਟੂ ਡੋਰ ਦਾ ਸਿਲਸਲਾ ਤੇਜ਼ ਡਾ: ਬਲਬੀਰ ਸਿੰਘ ਦੇ ਹੱਕ 'ਚ ਕੀਤਾ ਪ੍ਰਚਾਰ

ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਨੂੰ ਦੇਖਦਿਆਂ ਆਮ ਆਦਮੀ ਪਾਰਟੀ ਦੀ ਵਲੰਟੀਅਰ ਟੀਮ ਨੇ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਦਿਸ਼ਾ ਨਿਰਦੇਸ਼ ਹੇਠ ਪਟਿਆਲਾ ਸੀਟ ਤੋਂ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿਚ ਡੋਰ ਟੂ ਡੋਰ ਪ੍ਰਚਾਰ ਤੇਜ਼ ਕਰ ਦਿਤਾ ਹੈ। ਇਸ ਲੜੀ ਤਹਿਤ ਆਪ ਵਲੰਟੀਅਰ ਦੀ ਟੀਮ ਵੱਲੋਂ ਵਾਰਡ ਨੰਬਰ 48 ਵਿਚ ਧੜੱਲੇ ਨਾਲ ਪ੍ਰਚਾਰ ਕੀਤਾ ਗਿਆ। ਆਪ ਟੀਮ ਨੇ ਆਪ ਸਰਕਾਰ ਦੀਆਂ ਉਪਲਬਧੀਆਂ ਤੋਂ ਜਾਣੂ ਕਰਵਾਇਆ। ਇਲਾਕੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਟੀਮ ਨੂੰ ਪੂਰਾ ਸਮਰਥਨ ਦਿਤਾ।

ਟੀਮ ਵਿਚ ਅਮਰਜੀਤ ਸਿੰਘ ਬਲਾਕ ਪ ?ਧਾਨ , ਕੰਵਲਜੀਤ ਸਿੰਘ ਮਲਹੋਤਰਾ ਬਲਾਕ ਸ਼ੋਸ਼ਲ ਮੀਡੀਆ ਪ ?ਧਾਨ , ਪੀ ਐਸ ਜੋਸ਼ੀ ਸੈਕਟਰੀ , ਕਵਲਜੀਤ ਸਿੰਘ , ਹਰਪ੍ਰੀਤ ਸਿੰਘ ਸੈਕਟਰੀ, ਗੋਲੂ , ਇੰਦਰਪਾਲ ਸਿੰਘ , ਬਲਵਿੰਦਰ ਸਿੰਘ ਸ਼ਾਮਲ ਹੋਏ ।

ਸੁੱਖ ਅਤੇ ਦੁੱਖ ਜੀਵਨ ਦਾ ਇਕ ਅੰਗ ਹੈ ਹਰ ਦੁੱਖ ਤੋ ਬਾਅਦ ਸੁੱਖ ਲਾਜ਼ਮੀ ਆਉਦਾ ਹੈ : ਸਵਾਮੀ ਰਾਮ ਗਿਰੀ ਜੀ ਮਹਾਰਾਜ

ਸੁਨਾਮ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਗੁਰੂ ਅਰਜਨ ਦੇਵ ਕਲੋਨੀ ਵਿਖੇ ਚੱਲ ਰਹੀ ਸ੍ਰੀ ਮਦ ਭਾਗਵਤ ਸਪਤਾਹ ਗਿਆਨ ਯੱਗ ਅੱਜ ਸਮਾਪਤ ਹੋ ਗਿਆ, ਵੱਡੀ ਗਿਣਤੀ ਦੇ ਵਿੱਚ ਭਗਤ ਆਏ, ਸਭ ਤੋਂ ਪਹਿਲਾਂ ਹਵਨ ਕੀਤਾ ਗਿਆ, ਜਿਸ 'ਚ ਸਾਰਿਆਂ ਨੇ ਪੂਰਨ ਆਹੁਤੀ ਪਾਈ। ਉਸ ਤੋਂ ਬਾਅਦ ਭਗਤਾ ਲਈ ਲੰਗਰ ਅਤੂੱਟ ਵਰਤਾਇਆ ਗਿਆ। ਕਥਾ ਵਾਚਕ ਸੰਤ ਸਿਰੋਮਨੀ ਸ੍ਰੀ ਮਹੰਤ ਸ਼੍ਰੀ 108 ਸਵਾਮੀ ਰਾਮ ਗਿਰੀ ਜੀ ਮਹਾਰਾਜ ਨੇ ਕਥਾ ਦੇ ਮਹੱਤਵ ਬਾਰੇ ਦੱਸਿਆ।

ਇਸ ਮੌਕੇ ਕਥਾ ਵਾਚਕ ਸਵਾਮੀ ਰਾਮ ਗਿਰੀ ਜੀ ਮਹਾਰਾਜ ਨੇ ਆਖਿਆ ਕਿ ਸੁੱਖ ਅਤੇ ਦੁੱਖ ਜੀਵਨ ਦਾ ਇਕ ਅੰਗ ਹੈ ਹਰ ਦੁੱਖ ਤੋ ਬਾਅਦ ਸੁੱਖ ਲਾਜ਼ਮੀ ਆਉਦਾ ਹੈ, ਸਾਨੂੰ ਦੁਖ ਅਤੇ ਸੁਖ ਦੋਨਾਂ 'ਚ ਭਗਵਾਨ ਦਾ ਭਜਨ ਕਰਨਾ ਚਾਹੀਦਾ ਹੈ। ਮਨੁੱਖ ਦੇ ਚੰਗੇ ਕਰਮ ਹੀ ਉਸ ਦੇ ਨਾਲ ਜਾਂਦੇ ਹਨ, ਹਰ ਮਨੁੱਖ ਨੂੰ ਆਪਸ ਵਿਚ ਬੜੇ ਪਿਆਰ ਨਾਲ ਰਹਿਣਾ ਚਾਹੀਦਾ ਹੈ, ਚੰਗੇ ਕੰਮ ਕਰਨੇ ਚਾਹੀਦੇ ਹਨ ਅਤੇ ਬਿਨਾਂ ਭੇਦਭਾਵ ਦੇ ਇਕ ਦੂਜੇ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਕਥਾ ਦੌਰਾਨ ਭਜਨ ਤੇ ਸਰਧਾਲੂ ਖੂਬ ਝੂਮੇ। ਇਸ ਯੱਗ ਦੇ ਯਜਮਾਨ ਭਗਵਾਨ ਦਾਸ ਸ਼ਰਮਾ ਨੇ ਸਮਸਤ ਪਰਿਵਾਰ ਨੇ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਸਮੇਤ ਕਥਾ ਵਿੱਚ ਆਏ ਭਗਤਾ ਦਾ ਸਵਾਗਤ ਕੀਤਾ ਗਿਆ ਅਤੇ ਧੰਨਵਾਦ ਕੀਤਾ ਗਿਆ। ਵਿੱਕੀ ਪੰਡਿਤ ਨੇ ਦੱਸਿਆ ਕਿ ਕਥਾ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਕਥਾ ਦਾ ਅਨੰਦ ਮਾਣਿਆ ਅਤੇ ਭਗਵਾਨ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਗੁਰੂ ਨਾਭਾ ਦਾਸ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

ਗੁਰਦਾਸਪੁਰ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਗੋਸਵਾਮੀ ਗੁਰੂ ਨਾਭਾ ਦਾਸ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ਪ੍ਰੈਸ ਨਾਲ ਗੱਲਬਾਤ ਕਰਦੇ ਆਂ ਰਾਜਕੁਮਾਰ ਤਲੋਤਰਾ ਅਤੇ ਸਤਨਾਮ ਸਿੰਘ ਤਰੇੜੀਆ ਨੇ ਦੱਸਿਆ ਕਿ ਗੋ ਸੁਆਮੀ ਗੁਰੂ ਨਾਭਾ ਦਾਸ ਜੀ ਦਾ ਜਨਮ ਦਿਹਾੜਾ ਹਰ ਸਾਲ 8 ਅਪ੍ਰੈਲ ਨੂੰ ਨਜਦੀਕ ਬੀ ਡੀ ਪੀ ਓ ? ਦਫ਼ਤਰ ਮਨਾਇਆ ਜਾਂਦਾ ਹੈ

ਅੱਜ ਸਭ ਤੋਂ ਪਹਿਲਾਂ ਹਵਣ ਜੱਗ ਕੀਤਾ ਗਿਆ ਉਪਰੰਤ ਕਲਾਕਾਰਾਂ ਵੱਲੋਂ ਗੋ ਸੁਆਮੀ ਗੁਰੂ ਨਾਭਾ ਦਾਸ ਜੀ ਦੇ ਸਬੰਧ ਵਿੱਚ ਭਜਨ ਬੰਦਗੀ ਕੀਤੀ ਗਈ

ਸੰਗਤਾਂ ਨੂੰ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਛਕਾਏ ਗਏ ਇਸ ਪ੍ਰਧਾਨ ਰਾਜਕੁਮਾਰ ਸਤਨਾਮ ਸਿੰਘ ਤਰੇੜੀਆ ਤਾਰਾ ਚੰਦ ਪਲਵਿੰਦਰ ਸਿੰਘ ਬਲਜੀਤ ਸਿੰਘ ਸੁਭਾਸ਼ ਡੋਗਰਾ ਮੁਨੀਲਾਲ ਡੋਗਰਾ ਸਾਹਿਲ ਤੱਖੀ ਸੁਨੀਲ ਕੁਮਾਰ ਤੱਖੀ ਦੀਪਕ ਕੁਮਾਰ ਮਨਪ੍ਰੀਤ ਸਿੰਘ ਗੁਰਬਾਜ ਸਿੰਘ ਮੇਹਰ ਸਿੰਘ ਰਵੀ ਕੁਮਾਰ ਮਨੀਸ਼ ਕੁਮਾਰ ਤਲੋਤਰਾ ਆਦਿ ਹਾਜਰ ਸਨ

ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਤੇ ਸਮੁੱਚੀ ਟੀਮ ਵੱਲੋਂ ਮਾਲਵਿੰਦਰ ਸਿੰਘ ਕੰਗ ਦਾ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਪੰਹੁਚਣ ਤੇ ਕੀਤਾ ਗਿਆ ਭਰਵਾਂ ਸਵਾਗਤ

ਸ੍ਰੀ ਅਨੰਦਪੁਰ ਸਾਹਿਬ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਆਪ ਉਮੀਦਵਾਰ ਸ:ਮਾਲਵਿੰਦਰ ਸਿੰਘ ਕੰਗ ਦੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਉਨਾਂ ਨੂੰ ਜੀ ਆਇਆ ਆਖਦਿਆਂ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਵੱਲੋਂ ਮਾਣ ਸਨਮਾਨ ਕੀਤਾ ਗਿਆ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਯਾਦਗਾਰੀ ਤਸਵੀਰ ਤੇ ਸਿਰੋਪਾਓ ਭੇਟ ਕਰਦਿਆਂ ਜੀਤਾ ਨੇ ਕਿਹਾ ਕਿ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਸ ?:ਕੰਗ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ, ਉਨਾਂ ਕਿਹਾ ਕਿ ਪਾਰਟੀ ਪ੍ਰਤੀ ਸਮਰਪਿਤ ਤੇ ਇਮਾਨਦਾਰੀ ਨਾਲ ਕੰਮ ਕਰਨ ਦਾ ਭਾਵਨਾ ਲੈ ਕੇ ਆਏ ਸ ?:ਮਾਲਵਿੰਦਰ ਸਿੰਘ ਕੰਗ ਦਾ ਸ੍ਰੀ ਅਨੰਦਪੁਰ ਸਾਹਿਬ ਦੇ ਵੋਟਰਾਂ ਵੱਲੋਂ ਜਿਸ ਤਰਾਂ ਫੁੱਲਾਂ ਦੀ ਵਰਖ਼ਾ ਕਰਕੇ ਸਵਾਗਤ ਕੀਤਾ ਗਿਆ

ਉਸ ਤੋਂ ਸਪੱਸ਼ਟ ਹੈ ਕਿ ਵੋਟਰਾਂ ਦਾ ਝੁਕਾਅ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਵੱਲ ਹੀ ਹੈ ਤੇ ਲੋਕ ਸ ?:ਕੰਗ ਨੂੰ ਵੋਟਾਂ ਪਾ ਕੇ ਵੱਡੀ ਲੀਡ ਨਾਲ ਜਿੱਤ ਦਿਵਾਉਣਗੇ, ਇਸ ਮੌਕੇ ਹਰਜੀਤ ਸਿੰਘ ਜੀਤਾ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਤੇ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰ ਜੀਤ ਸਿੰਘ ਲਾਡੀ ਧੌਂਸ, ਹਲਕਾ ਰੂਪਨਗਰ ਤੋਂ ਵਿਧਾਇਕ ਦਿਨੇਸ਼ ਚੱਢਾ, ਹਲਕਾ ਸ਼੍ਰੀ ਚਮਕੌਰ ਸਾਹਿਬ ਤੋਂ ਚਰਨਜੀਤ ਸਿੰਘ ਚੰਨੀ, ਹਲਕਾ ਬਲਾਚੌਰ ਤੋਂ ਵਿਧਾਇਕ ਸੰਤੋਸ਼ ਕਟਾਰੀਆ, ਬੱਲੂ ਪਾਠਕ ਹਲਕਾ ਇੰਚਾਰਜ ਨਵਾਂ ਸ਼ਹਿਰ ਦਾ ਵੀ ਵਿਸੇਸ਼ ਤੌਰ ਤੇ ਸਨਮਾਨ ਕੀਤਾ ਗਿਆ, ਇਸ ਮੌਕੇ ਉਨਾਂ ਨਾਲ ਵਪਾਰ ਮੰਡਲ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਦਲਜੀਤ ਸਿੰਘ ਕੈਂਥ ਐਮਸੀ, ਬਿਕਰਮਜੀਤ ਸਿੰਘ ਸੰਧੂ ਐਮਸੀ, ਬੀਬੀ ਬਲਵੀਰ ਕੌਰ ਐਮਸੀ, ਬਲਾਕ ਪ੍ਰਧਾਨ ਜਗਜੀਤ ਸਿੰਘ ਜੱਗੀ, ਲਕੀ ਕਪਿਲਾ ਸੁਨੀਲ ਅਡਵਾਲ ਪ੍ਰਧਾਨ ਰੇਹੜੀ ਖੋਖਾ ਯੂਨੀਅਨ ਇੰਦਰਜੀਤ ਸਿੰਘ ਰਾਜੂ ਕੁਲਦੀਪ ਸਿੰਘ ਟੇਲਰ ਮਾਸਟਰ, ਇੰਦਰਜੀਤ ਕੌਸ਼ਲ ਸੰਮੀ ਬਰਾਰੀ ਯੂਥ ਆਗੂ, ਜਸਬੀਰ ਸਿੰਘ ਅਰੋੜਾ, ਦਵਿੰਦਰ ਸਿੰਘ ਸ਼ਿਦੂ ਬਲੋਕ ਪ੍ਰਧਾਨ, ਨਿਖਲ ਭਾਰਤਵਾਜ, ਊਸ਼ਾ ਰਾਣੀ ਹਰਪਾਲ ਕੌਰ ਪਿੰਕੀ ਸ਼ਰਮਾ ਸੁਨੀਤਾ ਰਾਣੀ ਪ੍ਰਕਾਸ਼ ਕੌਰ ਤੇ ਹੋਰ ਮੌਜੂਦ ਸਨ

ਲੋੜਵੰਦ ਪਰਿਵਾਰਾਂ ਲਈ 6ਵਾਂ ਮੁਫਤ ਚੈਕ ਅੱਪ ਕੈਂਪ ਲਗਾ ਦਵਾਈਆਂ ਦਿੱਤੀਆਂ ਗਈਆਂ ਮੁਫਤ

ਨਾਭਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੇਵਾ ਸੋਸਾਇਟੀ ਰਜਿ ਨਾਭਾ ਵੱਲੋਂ ਪਿਛਲੇ ਬਹੁਤ ਲੰਬੇ ਸਮੇਂ ਤੋਂ ਸੰਸਥਾ ਵਿੱਚ ਸੇਵਾਵਾਂ ਨਿਭਾ ਰਹੇ ਗੁਰਚਰਨ ਸਿੰਘ ਜੋ ਕਿ ਪਿਛਲੇ ਦਿਨੀ ਸਵਰਗਵਾਸ ਹੋ ਗਏ ਸਨ ਉਨਾਂ ਦੀ ਯਾਦ ਵਿੱਚ ਸੰਸਥਾ ਵੱਲੋਂ ਸਾਰੀਆਂ ਬਿਮਾਰੀਆਂ ਦੇ ਇਲਾਜ ਨੂੰ ਮੁੱਖ ਰੱਖਦਿਆ ਲੋੜਵੰਦਾਂ ਲਈ 6ਵਾਂ ਮੁਫਤ ਹੈਮੋਪੈਥਿਕ ਚੈੱਕ ਅੱਪ ਕੈਂਪ ਸੁਨਿਆਰਾਂ ਦੀ ਧਰਮਸ਼ਾਲਾ ਵਿਖੇ ਲਗਾਇਆ ਗਿਆ ਜਿਸ ਦਾ ਉਦਘਾਟਨ ਹਰੀ ਕ੍ਰਿਸ਼ਨ ਸੇਠ ਵਾਈਸ ਚੇਅਰਮੈਨ ਵਪਾਰ ਵਿੰਗ ਪੰਜਾਬ ਸਾਬਕਾ ਪ੍ਰਧਾਨ ਨਗਰ ਕੌਂਸਲ ਅਤੇ ਉਨਾਂ ਦੀ ਧਰਮ ਸੁਪਤਨੀ ਸੀਨੀਅਰ ਕੌਂਸਲਰ ਰੇਨੂ ਸੇਠ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ।

ਕੈਂਪ ਵਿੱਚ ਡਾਕਟਰ ਮਨਪ੍ਰੀਤ ਸਿੰਘ ਬੀ ਐਚ ਐਮ ਐਸ ਵਿਸ਼ੇਸ਼ ਤੌਰ ਤੇ ਪਹੁੰਚੇ ਜਿਨ੍ਹਾਂ ਨੇ 80 ਦੇ ਕਰੀਬ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਤੇ ਵੱਖ-ਵੱਖ ਬਿਮਾਰੀਆਂ ਦੇ ਇਲਾਜ ਸਬੰਧੀ ਮੁਫਤ ਦਵਾਈਆਂ ਦਿੱਤੀਆਂ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਲਵਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੀ ਗੁਰਚਰਨ ਸਿੰਘ ਸੰਸਥਾ ਦੇ ਮਿਹਨਤੀ ਸੇਵਾਦਾਰ ਸਨ ਜਿਨਾਂ ਦੀ ਯਾਦ ਨੂੰ ਮੁੱਖ ਰੱਖਦਿਆਂ ਇਹ ਕੈਂਪ ਲਗਾਇਆ ਗਿਆ ਸੰਸਥਾ ਵੱਲੋਂ ਆਕਸੀਜਨ ਦੇ ਲੰਗਰ ਲੋੜਵੰਦਾਂ ਲਈ ਮੈਡੀਕਲ ਸੁਵਿਧਾਵਾਂ ਸਟੇਸ਼ਨਰੀ ਦੀਆਂ ਪੜ੍ਹਨ ਵਾਲੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਲਈ ਸਹੂਲਤਾਂ ਮਹੀਨਾ ਵਾਰੀ ਰਾਸ਼ਨ ਜਿੱਥੇ ਲਗਾਤਾਰ ਜਾਰੀ ਹੈ ਉੱਤੇ ਮਰੀਜ਼ਾਂ ਤੇ ਉਹਨਾਂ ਦੇ ਵਾਰਸਾਂ ਲਈ ਪੀਜੀਆਈ ਹਸਪਤਾਲ ਚੰਡੀਗੜ੍ਹ ਚਾਰ ਥਾਵਾਂ ਤੇ ਪਟਿਆਲਾ ਰਜਿੰਦਰ ਸੰਗਰੂਰ ਦੇ ਕੈਂਸਰ ਹਸਪਤਾਲ ਅਤੇ ਨਾਭਾ ਸਮੇਤ ਵੱਖ-ਵੱਖ ਹਸਪਤਾਲਾਂ ਵਿੱਚ ਸੱਤ ਥਾਵਾਂ ਤੇ ਲਗਾਤਾਰ ਲੰਗਰ ਦੀਆਂ ਸੇਵਾਵਾਂ ਚੱਲ ਰਹੀਆਂ ਹਨ ਉਹਨਾਂ ਦੱਸਿਆ ਕਿ ਇਹ ਕੈਂਪ ਲਗਾਤਾਰ ਹਰ ਮਹੀਨੇ ਲਗਾਇਆ ਜਾਵੇਗਾ।

ਇਸ ਮੌਕੇ ਪ੍ਰਿਤਪਾਲ ਸਿੰਘ ,ਜਸਵਿੰਦਰਪਾਲ ਸਿੰਘ ਸਿੰਪੀ ਵੀਰ ਜੀ ,ਅੰਟਾਲ ਸਿੰਘ , ਦਵਿੰਦਰ ਪਾਲ ਸਿੰਘ ਸੰਜੂ, ਸੁਰੇਸ਼ ਕੁਮਾਰ, ਦਵਿੰਦਰ ਕੁਮਾਰ,ਗੁਰਪ੍ਰੀਤ ਸਿੰਘ ਨਾਮਧਾਰੀ, ਅਮਰਜੋਤ ਸਿੰਘ, ਗਗਨਦੀਪ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਸਥਾ ਦੇ ਮੈਂਬਰ ਹਾਜ਼ਰ ਸਨ

ਸੂਬਾ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਬਚਨਵੱਧ- ਬਲਤੇਜ ਪੰਨੂ

ਨਾਭਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ. ਨਾਭਾ ਵੱਲੋਂ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਦੀ ਅਗਵਾਈ ਹੇਠ ÷ਇਕ ਸ਼ਾਮ ਸ਼ਹੀਦਾਂ ਦੇ ਨਾਮ÷ 13ਵਾਂ ਇਨਕਲਾਬੀ ਨਾਟਕ ਮੇਲਾ ਸ੍ਰੀ ਗੁਰੂ ਤੇਗ ਬਹਾਦਰ ਨਗਰ ਨਾਭਾ ਵਿਖੇ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਮੀਡੀਆ ਸਲਾਹਕਾਰ ਸ੍ਰੀ ਬਲਤੇਜ ਪੰਨੂ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਅਤੇ ਪ੍ਰਸਿੱਧ ਗਾਇਕ ਹਰਜੀਤ ਹਰਮਨ, ਐਨ.ਆਰ.ਆਈ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ (ਆਸਟ੍ਰੇਲੀਆ) ਅਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਵਿਸ਼ੇਸ਼ ਵਜੋਂ ਸਾਮਲ ਹੋਏ।

ਨਾਭਾ ਵਿਖੇ 13ਵੇਂ ਇਨਕਲਾਬੀ ਨਾਟਕ ਮੇਲੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਮੀਡੀਆ ਸਲਾਹਕਾਰ ਬਲਤੇਜ ਪੰਨੂ ਤੇ ਐਨ.ਆਰ.ਆਈ ਸਭਾ ਪੰਜਾਬ ਦੀ ਪ੍ਰਧਾਨ ਪਰਵਿੰਦਰ ਕੌ

ਤੁਹਾਡੇ ਅੰਦਰ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਇਨ੍ਹਾਂ ਸਵਾਲਾਂ ਦਾ ਪਿੱਛਾ ਕਰਦੇ ਤੁਸੀਂ ਉਸ ਚਾਰਦੀਵਾਰੀ ਤੋਂ ਮੁਕਤ ਹੋ ਜਾਂਦੇ ਹੋ ਜਿਸ ਨੂੰ ਸਕੂਲ ਕਹਿੰਦੇ ਹਨ। ਤੁਹਾਨੂੰ ਅਧਿਆਪਕ ਦੇ ਨਾਲ-ਨਾਲ ਅਜਿਹੇ ਦੋਸਤਾਂ ਦੀ ਵੀ ਲੋੜ ਹੁੰਦੀ ਹੈ ਜਿਹੜੇ ਕਿਤਾਬਾਂ ਅਤੇ ਉਸਾਰੂ ਜ਼ਿੰਦਗੀ ਬਾਰੇ ਗੱਲਾਂ ਕਰਦੇ ਹੋਣ...

ਵਿਦਿਆਰਥੀ ਤੇ ਅਧਿਆਪਕ ਦਾ ਰਿਸ਼ਤਾ

ਮਲਵਿੰਦਰ ਸਿੰਘ

ਮੈਂ ਇਕ ਰਿਟਾਇਰਡ ਅਧਿਆਪਕ ਹਾਂ। ਮੇਰੇ ਬਚਪਨ ਦੇ ਗਵਾਂਢ 'ਚ ਅਧਿਆਪਕ ਰਹਿੰਦੇ ਸਨ। ਉਨ੍ਹਾਂ ਦੇ ਰਹਿਣ-ਸਹਿਣ, ਵਰਤੋਂ-ਵਿਹਾਰ, ਬੋਲ-ਚਾਲ, ਸੰਕੋਚਵੀਂ ਤੇ ਸੁਲਝੀ ਜੀਵਨ ਜਾਚ ਦਾ ਮੇਰੇ ਬਚਪਨ ਉੱਪਰ ਬਹੁਤਾ ਨਹੀਂ ਤਾਂ ਥੋੜ੍ਹਾ ਅਸਰ ਜ਼ਰੂਰ ਪਿਆ ਹੋਵੇਗਾ। ਮੇਰੇ ਸਿਲੇਬਸ ਦੇ ਅਧਿਆਪਕ ਉਹ ਬਾਅਦ 'ਚ ਬਣੇ। ਓਦੋਂ ਉਹ ਸਿਲੇਬਸ ਤੋਂ ਬਾਹਰਲੇ ਅਧਿਆਪਕ ਸਨ। ਇਹ ਸ਼ਾਇਦ ਉਨ੍ਹਾਂ ਦੇ ਗਵਾਂਢ ਦਾ ਹੀ ਅਸਰ ਸੀ ਕਿ ਮੈਂ ਵੱਡੇ ਹੋ ਕੇ ਅਧਿਆਪਕ ਬਣਨਾ ਚੁਣਿਆਂ।

ਮੈਂ ਉਨ੍ਹਾਂ ਨੂੰ ਕਦੀ ਆਪਣੇ ਪਿੰਡ ਦੇ ਅੱਡੇ 'ਚ ਬੈਠ ਚਾਹ ਪੀਂਦਿਆਂ ਨਹੀਂ ਸੀ ਵੇਖਿਆ। ਬਾਅਦ ਵਾਲੇ ਸਾਲਾਂ ਵਿਚ ਮੈਂ ਜਦੋਂ ਅਧਿਆਪਕਾਂ ਨੂੰ ਅੱਡਿਆਂ 'ਚ ਬੈਠ ਸ਼ਰਾਬ ਪੀਂਦੇ ਵੇਖਿਆ ਅਤੇ ਅਧਿਆਪਕ-ਵਿਦਿਆਰਥੀ ਮਰਿਆਦਾ ਭੰਗ ਹੁੰਦੀ ਵੇਖੀ ਤਾਂ ਇਨ੍ਹਾਂ ਸਧਾਰਣ ਲੱਗਦੀਆਂ ਗੱਲਾਂ ਦੇ ਅਰਥ ਮੈਨੂੰ ਸਮਝ ਆਏ। ਹੋਰ ਤਾਂ ਹੋਰ ਓਦੋਂ ਜੰਗਲ-ਪਾਣੀ ਖੇਤਾਂ 'ਚ ਜਾਣਾ ਪੈਂਦਾ ਸੀ। ਉਹ ਸਵੇਰੇ ਤੜਕੇ ਮੂੰਹ-ਹਨੇਰੇ ਇਹ ਕਿਰਿਆ ਭੁਗਤਾ ਆਉਂਦੇ ਸਨ ਤਾਂ ਜੋ ਕੋਈ ਵਿਦਿਆਰਥੀ ਉਨ੍ਹਾਂ ਨੂੰ ਨਾ ਵੇਖੇ। ਪਿੰਡ ਵਿਚ ਉਨ੍ਹਾਂ ਦਾ ਸਤਿਕਾਰ ਸੀ। ਲੋਕ ਉਨ੍ਹਾਂ ਕੋਲੋਂ ਸਲਾਹਾਂ ਲੈਂਦੇ। ਉਹ ਘਰੋਂ ਬਾਹਰ ਜਾਣ ਵੇਲੇ ਵਧੀਆ ਤਰੀਕੇ ਨਾਲ ਤਿਆਰ ਹੁੰਦੇ। ਉਨ੍ਹਾਂ ਦਾ ਪਹਿਰਾਵਾ ਸਾਦਾ ਪਰ ਪ੍ਰਭਾਵਸ਼ਾਲੀ ਹੁੰਦਾ। ਉਹ ਕਦੀ ਉੱਚਾ ਨਾ ਬੋਲਦੇ। ਚੀਕਾਂ ਮਾਰ-ਮਾਰ ਗੱਲਾਂ ਨਾ ਕਰਦੇ। ਹਰ ਵੇਲੇ ਅਧਿਆਪਕੀ ਮਰਿਆਦਾ ਉਨ੍ਹਾਂ ਦੇ ਅੰਗ-ਸੰਗ ਰਹਿੰਦੀ। ਇਹ ਅਤੇ ਅਜਿਹਾ ਹੋਰ ਬਹੁਤ ਕੁਝ ਜਿਹੜਾ ਉਨ੍ਹਾਂ ਦੇ ਵਿਵਹਾਰ ਦਾ ਸਹਿਜ ਵਰਤਾਰਾ ਸੀ। ਸਾਡੇ ਲਈ ਇਕ ਅਧਿਆਪਕ ਦਾ ਪਾਠ ਸੀ, ਸਿਲੇਬਸ ਤੋਂ ਬਾਹਰਲੇ ਅਧਿਆਪਕ ਦਾ ਪਾਠ।

ਅਧਿਆਪਨ ਦਾ ਕਾਰਜ

ਤੀਹ ਸਾਲ ਅਧਿਆਪਨ ਦਾ ਕਾਰਜ ਨਿਭਾਉਂਦਿਆਂ ਮੈਂ ਇਹ ਮਹਿਸੂਸ ਕੀਤਾ ਕਿ ਆਪਣੇ ਸਿਲੇਬਸ ਤਕ ਸੀਮਤ ਰਹਿਣ ਵਾਲਾ ਅਧਿਆਪਕ ਅਧੂਰਾ ਅਧਿਆਪਕ ਹੁੰਦਾ ਹੈ। ਸਿਲੇਬਸ ਤੋਂ ਬਾਹਰ ਜਾਣਾ ਅਧਿਆਪਕ ਦੀ ਸੋਚ ਦਾ ਹਿੱਸਾ ਹੋਣਾ ਚਾਹੀਦਾ। ਜਦੋਂ ਅਸੀਂ ਬੱਚੇ ਦੇ ਸਰਬਪੱਖੀ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਇਹ ਸਿਲੇਬਸ ਦੀਆਂ ਕਿਤਾਬਾਂ ਤਕ ਸੀਮਤ ਰਹਿਣ ਨਾਲ ਨਹੀਂ ਹੋਣਾ। ਸਿਲੇਬਸ ਤੋਂ ਬਾਹਰ ਜਾ ਕੇ ਪੜ੍ਹਾਉਣਾ ਦਿਲਚਸਪ ਵੀ ਹੈ ਉਤਸ਼ਾਹ ਵਰਧਕ ਵੀ। ਇਹ ਵਿਦਿਆਰਥੀਆਂ ਦੀ ਸਿੱਖਣ ਯੋਗਤਾ ਨੂੰ ਵਧਾਉਂਦਾ ਹੈ। ਉਨ੍ਹਾਂ ਦੀ ਅਧਿਆਪਕ ਵਿਚ, ਅਧਿਆਪਕ ਦੁਆਰਾ ਦੱਸੀਆਂ, ਸਮਝਾਈਆਂ ਜਾ ਰਹੀਆਂ ਗੱਲਾਂ ਵਿਚ ਰੁੱਚੀ ਵਧਦੀ ਹੈ। ਉਨ੍ਹਾਂ ਅੰਦਰੋਂ ਇਨ੍ਹਾਂ ਗੱਲਾਂ ਨੂੰ ਰੱਟਾ ਲਾਉਣ ਅਤੇ ਪ੍ਰੀਖਿਆ ਦੇਣ ਦਾ ਡਰ ਮਨਫ਼ੀ ਰਹਿੰਦਾ ਹੈ। ਉਹ ਅਧਿਆਪਕ ਨਾਲ ਸੰਵਾਦ ਰਚਾਉਂਦੇ ਹਨ, ਸਵਾਲ ਪੁੱਛਦੇ ਹਨ।

ਵਿਦਿਆਰਥੀਆਂ ਨਾਲ ਸੰਵਾਦ

ਸੰਵਾਦ ਸਿੱਖਣ, ਜਾਨਣ, ਸਮਝਣ ਦੀ ਜਗਿਆਸਾ ਵਿੱਚੋਂ ਪੈਦਾ ਹੁੰਦਾ ਹੈ। ਸਵਾਲ ਅਧਿਆਪਕ ਨਾਲ ਇਕਸੁਰ ਹੋਏ ਵਿਦਿਆਰਥੀ ਹੀ ਪੁੱਛਦੇ ਹਨ। ਜਿਹੜੇ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਸੰਵਾਦ ਸਿਰਜਣ ਵਿਚ ਕਾਮਯਾਬ ਹੋ ਜਾਂਦੇ ਹਨ ਉਹ ਨਿਰਸੰਦੇਹ ਆਪਣੇ ਅਧਿਆਪਨ ਕਾਰਜ ਵਿਚ ਸਫਲ ਸਮਝੇ ਜਾਣੇ ਚਾਹੀਦੇ ਹਨ। ਅਜਿਹੇ ਉਪਰਾਲੇ ਬੱਚਿਆਂ ਨੂੰ ਖੋਜ ਕਾਰਜ ਨਾਲ ਜੋੜਦੇ ਹਨ। ਅਸਲ 'ਚ ਸਿਲੇਬਸ ਤੋਂ ਬਾਹਰ ਗਿਆ ਅਧਿਆਪਕ ਬੱਚਿਆਂ ਨੂੰ ਉਨ੍ਹਾਂ ਗੱਲਾਂ ਤੋਂ ਜਾਣੂ ਕਰਵਾ ਰਿਹਾ ਹੁੰਦਾ ਹੈ ਜਿਨ੍ਹਾਂ ਦਾ ਸਬੰਧ ਉਨ੍ਹਾਂ ਦੀ ਪ੍ਰੀਖਿਆ ਨਾਲ ਤਾਂ ਭਾਵੇਂ ਨਹੀਂ ਹੁੰਦਾ ਪਰ ਉਨ੍ਹਾਂ ਦੇ ਬਾਲਗ ਹੋ ਰਹੇ ਬਚਪਨ ਨਾਲ ਗੂੜਾ ਸਬੰਧ ਹੁੰਦਾ ਹੈ। ਉਹ ਸਕੂਲ ਤੋਂ, ਘਰ ਤੋਂ ਬਾਹਰ ਵਾਲੀ ਦੁਨੀਆ ਦੀਆਂ ਸਮੱਸਿਆਵਾਂ ਅਤੇ ਔਕੜਾਂ ਦਾ ਸਾਹਮਣਾ ਕਰਨ ਦੇ ਯੋਗ ਹੋ ਰਹੇ ਹੁੰਦੇ ਹਨ। ਸਹਿਜ-ਸੁਭਾ ਹੀ ਅਧਿਆਪਕ ਬੱਚਿਆਂ ਨੂੰ ਆਧੁਨਿਕ ਸਮਿਆਂ ਦਾ ਹਾਣੀ ਬਣਾ ਰਿਹਾ ਹੁੰਦਾ ਹੈ।

ਉਹ ਜਵਾਨ ਹਿਰਦਿਆਂ ਨੂੰ ਨਵੇਂ ਯੁੱਗ ਦੀ ਸੂਝ ਨਾਲ ਮਾਲਾਮਾਲ ਕਰ ਰਿਹਾ ਹੁੰਦਾ ਹੈ। ਅਜਿਹੀ ਸਿੱਖਿਆ ਬੱਚਿਆਂ ਨੂੰ ਵਿਸ਼ਿਆਂ ਦੀ ਦੁਹਰਾਈ ਤੋਂ ਵੀ ਬਚਾਈ ਰੱਖਦੀ ਹੈ ਅਤੇ ਹਾਸੇ-ਠੱਠੇ ਵਿਚ ਉਹ ਕੁਝ ਨਵਾਂ ਵੀ ਸਿਖ ਰਹੇ ਹੁੰਦੇ ਹਨ। ਅਧਿਆਪਕ ਵੱਲੋਂ ਕੀਤੀਆਂ ਸਿਲੇਬਸ ਤੋਂ ਬਾਹਰਲੀਆਂ ਕਈ ਗੱਲਾਂ ਸਾਰੀ ਉਮਰ ਸਾਡੇ ਨਾਲ ਤੁਰਦੀਆਂ ਹਨ। ਕਾਲਜ ਪੜ੍ਹਦਿਆਂ ਇਕ ਪ੍ਰੋਫੈਸਰ ਵੱਲੋਂ ਸੁਣਾਈ ਘਟਨਾ ਨੂੰ ਮੈਂ ਜ਼ਿੰਦਗੀ 'ਚ ਕਈਆਂ ਨਾਲ ਸਾਂਝਾ ਕੀਤਾ ਹੈ। ਤੁਸੀਂ ਵੀ ਸੁਣੋ। ਸਾਡੇ ਇਹ ਪ੍ਰੋਫੈਸਰ ਕਾਲਜ ਦੇ ਪ੍ਰਿੰਸੀਪਲ ਦੀ ਬੇਟੀ ਨੂੰ ਟਿਊਸ਼ਨ ਪੜ੍ਹਾਉਣ ਉਨ੍ਹਾਂ ਦੇ ਘਰ ਜਾਇਆ ਕਰਦੇ ਸਨ। ਇਕ ਦਿਨ ਜਦ ਪ੍ਰੋਫੈਸਰ ਸਾਹਿਬ ਨੇ ਜਾ ਕੇ ਆਪਣਾ ਸਾਈਕਲ ਪ੍ਰਿੰਸੀਪਲ ਦੀ ਕੋਠੀ ਅੰਦਰ ਖੜ੍ਹਾ ਕੀਤਾ ਤਾਂ ਪ੍ਰਿੰਸੀਪਲ ਸਾਹਿਬ ਦੀ ਪਤਨੀ ਨੇ ਆਪਣੀ ਬੇਟੀ ਨੂੰ ਆਵਾਜ਼ ਦਿੱਤੀ, 'ਬੇਟਾ ਬੱਲੇ ਆਉ, ਤੇਰਾ ਮਾਸਟਰ ਆਇਆ ਏਂ'। ਪ੍ਰੋਫੈਸਰ ਨੇ ਸਾਈਕਲ ਚੁੱਕਿਆ ਤੇ ਵਾਪਸ ਆ ਗਿਆ। ਪ੍ਰਿੰਸੀਪਲ ਨੂੰ ਹੋਈ ਬੀਤੀ ਦੱਸ ਦਿੱਤੀ। ਤਦ ਨੂੰ ਘਰੋਂ ਵੀ ਫੋਨ ਆ ਗਿਆ, 'ਪ੍ਰੋਫੈਸਰ ਸਾਹਿਬ ਆਏ ਸਨ, ਪਤਾ ਨਹੀਂ ਕਿਉਂ ਵਾਪਸ ਮੁੜ ਗਏ ਹਨ?' ਪ੍ਰਿੰਸੀਪਲ ਕਹਿੰਦੇ ਕਿ ਜੇਕਰ ਤੂੰ ਪ੍ਰੋਫੈਸਰ ਨਾਲ ਠੀਕ ਭਾਸ਼ਾ ਬੋਲੀ ਹੁੰਦੀ ਤਾਂ ਉਹ ਵਾਪਸ ਨਾ ਜਾਂਦੇ। ਇਸ ਘਟਨਾ 'ਚ ਕਈ ਸੰਦੇਸ਼ ਨੇ ਜਿਹੜੇ ਜ਼ਿੰਦਗੀ 'ਚ ਤੁਹਾਡੇ ਕੰਮ ਆਉਂਦੇ ਹਨ।

ਸਿਲੇਬਸ ਤੋਂ ਬਾਹਰਲੀਆਂ ਗੱਲਾਂ

ਕਲਾਸ ਵਿਚ ਪੜ੍ਹਾਉਂਦਿਆਂ, ਖ਼ਾਸ ਕਰ ਕੇ ਭਾਸ਼ਾ ਪੜ੍ਹਾਉਂਦਿਆਂ, ਸਿਲੇਬਸ ਤੋਂ ਬਾਹਰਲੀਆਂ ਗੱਲਾਂ ਵਧੇਰੇ ਮਹੱਤਵਪੂਰਣ ਹੁੰਦੀਆਂ ਹਨ। ਪ੍ਰੋ. ਮੋਹਣ ਸਿੰਘ ਦੀ ਕਵਿਤਾ ਪੜ੍ਹਾਉਂਦਿਆਂ ਜੇਕਰ ਤੁਸੀਂ ਅੰਮ੍ਰਿਤਾ ਪ੍ਰੀਤਮ, ਡਾ. ਹਰਭਜਨ ਸਿੰਘ, ਬਾਵਾ ਬਲਵੰਤ, ਤਾਰਾ ਸਿੰਘ, ਹਰਨਾਮ, ਪਾਸ਼, ਮੋਹਨਜੀਤ, ਪ੍ਰਮਿੰਦਰਜੀਤ, ਸੁਰਜੀਤ ਪਾਤਰ ਸਮੇਤ ਹੋਰ ਸਮਕਾਲੀ ਸ਼ਾਇਰਾਂ ਦਾ ਜ਼ਿਕਰ ਨਹੀਂ ਕਰਦੇ ਤਾਂ ਸਮਝੋ ਤੁਸੀਂ ਬੱਚੇ ਨੂੰ ਅਧੂਰਾ ਗਿਆਨ ਦੇ ਰਹੇ ਹੋ। ਇੰਝ ਹੀ ਕਹਾਣੀ, ਨਾਵਲ, ਨਾਟਕ, ਵਾਰਤਕ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਨੂੰ ਪੜ੍ਹਾਉਂਦਿਆਂ ਉਸ ਵਿਧਾ ਦੇ ਨਾਮਵਰ ਲੇਖਕਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਜਾਣਾ ਚਾਹੀਦਾ ਹੈ। ਚੰਗਾ ਅਧਿਆਪਕ ਸਾਇੰਸ, ਗਣਿਤ, ਹਿਸਟਰੀ ਸਮੇਤ ਹੋਰ ਵਿਸ਼ਿਆਂ ਨੂੰ ਵੀ ਭਾਸ਼ਾ ਵਾਂਗ ਹੀ ਪੜ੍ਹਾਉਂਦਾ ਹੈ। ਇਨ੍ਹਾਂ ਵਿਸ਼ਿਆਂ ਤੋਂ ਬਾਹਰ ਵੀ ਬਹੁਤ ਸਾਰੇ ਵਿਸ਼ੇ ਹਨ ਜਿਨ੍ਹਾਂ ਨੂੰ ਆਪਣੇ ਅਧਿਆਪਨ ਦਾ ਹਿੱਸਾ ਬਣਾਉਣ ਦੀ ਬਹੁਤ ਲੋੜ ਹੈ।

ਚੰਗਾ ਸਾਹਿਤ

ਸਾਨੂੰ ਇਹ ਗੱਲ ਮੰਨ ਕੇ ਚਲਣੀ ਚਾਹੀਦੀ ਹੈ ਕਿ ਅੱਜ ਵੀ ਬੱਚੇ ਅਧਿਆਪਕ ਦੀ ਗੱਲ ਨੂੰ ਵਧੇਰੇ ਧਿਆਨ ਨਾਲ ਸੁਣਦੇ ਅਤੇ ਮੰਨਦੇ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਹਿਮ ਭਰਮ ਹਨ ਜਿਨ੍ਹਾਂ ਵਿਚ ਫਸੇ ਲੋਕ ਡਾਕਟਰਾਂ ਕੋਲ ਜਾਣ ਦੀ ਬਜਾਏ 'ਸਿਆਣਿਆਂ' ਮਗਰ ਲੱਗ ਕੇ ਆਪਣੇ ਘਰ ਦੇ ਜੀਅ ਮੌਤ ਦੇ ਮੂੰਹ ਵਿਚ ਪਾ ਰਹੇ ਹਨ। ਇਸ ਲਈ ਤਰਕਸ਼ੀਲ ਸੰਸਥਾਵਾਂ ਦੀ ਮਦਦ ਵੀ ਲਈ ਜਾ ਸਕਦੀ ਹੈ। ਸਕੂਲ ਲਾਇਬ੍ਰੇਰੀ ਰਾਹੀਂ ਨਿਰੋਇਆ ਸਾਹਿਤ ਬੱਚਿਆਂ ਨੂੰ ਪੜ੍ਹਨ ਲਈ ਦਿੱਤਾ ਜਾ ਸਕਦਾ ਹੈ।

ਚੰਗਾ ਸਾਹਿਤ ਅੱਖਾਂ ਵਿੱਚੋਂ ਭਰਮ ਦੇ ਜਾਲੇ ਲਾਹੁਣ ਵਿਚ ਸਹਾਈ ਹੁੰਦਾ ਹੈ। ਮੇਰਾ ਤਾਂ ਇਹ ਕਹਿਣਾ ਹੈ ਕਿ ਜਿਸ ਬੱਚੇ ਅੰਦਰ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋ ਜਾਵੇ ਉਸ ਨੂੰ ਕਿਸੇ ਅਧਿਆਪਕ ਦੀ ਲੋੜ ਨਹੀਂ ਰਹਿੰਦੀ। ਕਿਤਾਬਾਂ ਤੁਹਾਡੇ ਅੰਦਰਲਾ ਉਹ ਬੰਦ ਬੂਹਾ ਖੋਲ੍ਹਦੀਆਂ ਹਨ ਜਿਸ ਪਿੱਛੇ ਬਹੁਤ ਸਾਰਾ ਪ੍ਰਕਾਸ਼ ਹੈ। ਤੁਹਾਡੇ ਅੰਦਰਲਾ ਉਹ ਪ੍ਰਕਾਸ਼ ਤੁਹਾਡੇ ਅੰਦਰ ਇਕ ਜਗਿਆਸਾ ਪੈਦਾ ਕਰਦਾ ਹੈ। ਉਹ ਤੁਹਾਡੇ ਅੰਦਰ ਸੁੱਤੀਆਂ ਸੰਵੇਦਨਾਵਾਂ ਨੂੰ ਜਗਾਉਣ ਦਾ ਕੰਮ ਕਰਦਾ ਹੈ।

ਦੋਸਤਾਂ ਦੀ ਲੋੜ

ਤੁਹਾਡੇ ਅੰਦਰ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਇਨ੍ਹਾਂ ਸਵਾਲਾਂ ਦਾ ਪਿੱਛਾ ਕਰਦੇ ਤੁਸੀਂ ਉਸ ਚਾਰਦੀਵਾਰੀ ਤੋਂ ਮੁਕਤ ਹੋ ਜਾਂਦੇ ਹੋ ਜਿਸ ਨੂੰ ਸਕੂਲ ਕਹਿੰਦੇ ਹਨ। ਤੁਹਾਨੂੰ ਅਧਿਆਪਕ ਦੀ ਨਹੀਂ ਅਜਿਹੇ ਦੋਸਤਾਂ ਦੀ ਲੋੜ ਹੁੰਦੀ ਹੈ ਜਿਹੜੇ ਕਿਤਾਬਾਂ ਬਾਰੇ ਗੱਲਾਂ ਕਰਨ। ਚੰਗੀਆਂ ਕਿਤਾਬਾਂ ਦੀ ਦੱਸ ਪਾਉਣ। ਪੜ੍ਹੀਆਂ ਕਿਤਾਬਾਂ ਦੀ ਚਰਚਾ ਕਰਨ। ਕੋਈ ਵੀ ਵਰਤਾਰਾ ਜਾਂ ਸਬੱਬ ਜਿਹੜਾ ਤੁਹਾਨੂੰ ਕਿਤਾਬਾਂ ਨਾਲ ਜੋੜਦਾ ਹੈ, ਤੁਹਾਡਾ ਸਿਲੇਬਸ ਤੋਂ ਬਾਹਰਲਾ ਅਧਿਆਪਕ ਹੈ। ਅਨੇਕਾਂ ਵਿਸ਼ੇ ਹਨ ਜਿਹੜੇ ਅਧਿਆਪਕ ਦੇ ਸਿਲੇਬਸ ਤੋਂ ਬਾਹਰਲੇ ਸਿਲੇਬਸ ਵਿਚ ਸ਼ਾਮਲ ਹੋਣੇ ਚਾਹੀਦੇ ਹਨ। ਇਹ ਵਿਸ਼ੇ ਅਧਿਆਪਕ ਦੇ ਵਿਵਹਾਰ ਵਿਚ ਸ਼ਾਮਲ ਹੋਣੇ ਚਾਹੀਦੇ ਹਨ। ਕਿਸੇ ਵੀ ਵਿਅਕਤੀ ਦਾ ਵਿਵਹਾਰ ਉਸ ਦੇ ਬੱਚਿਆਂ ਅਤੇ ਵਿਦਿਆਰਥੀਆਂ ਉੱਪਰ ਚੰਗਾ ਮਾੜਾ ਪ੍ਰਭਾਵ ਪਾਉਂਦਾ ਹੈ। ਕਿਸੇ ਦੇ ਵਿਵਹਾਰ ਨੂੰ ਪੜ੍ਹਨਾ ਅਤੇ ਉਸ ਵਿਵਹਾਰ 'ਚੋਂ ਕੁਝ ਚੰਗਾ ਸਿੱਖਣਾ ਇਕ ਸਹਿਜ ਪ੍ਰਕਿਰਿਆ ਹੁੰਦੀ ਹੈ। ਵਿਗਾੜ ਵਿਹਾਰ ਵਿਚ ਹੁੰਦੇ ਹਨ। ਮਾੜਾ ਵਿਹਾਰ ਸਿਸਟਮ ਵਿਚ ਵਿਗਾੜ ਪੈਦਾ ਕਰਦਾ ਹੈ।

ਅਖ਼ਬਾਰ ਦੀ ਕੋਈ ਸੁਰਖ਼ੀ

ਉਸ ਅਧਿਆਪਕ ਦੇ ਵਿਹਾਰ ਬਾਰੇ ਕੀ ਕਹਾਂਗੇ ਜਿਹੜਾ ਪੜ੍ਹਾਉਣ ਸਮੇਂ ਆਪਣੇ ਸਿਲੇਬਸ ਤੋਂ ਤਿਲਕ ਇਨ੍ਹਾਂ ਵਿਸ਼ਿਆਂ ਵੱਲ ਨਹੀਂ ਜਾਂਦਾ? ਇਹ ਗੱਲਾਂ ਅਧਿਆਪਕ ਦੀ ਪੜ੍ਹਾਉਣ ਪ੍ਰਕਿਰਿਆ ਦਾ ਸਹਿਜ ਅੰਗ ਹੋਣੀਆਂ ਚਾਹੀਦੀਆਂ ਹਨ। ਇਸ ਲਈ ਉਸ ਨੂੰ ਕੋਈ ਉਚੇਚ ਨਾ ਕਰਨਾ ਪਵੇ। ਇਹ ਗੱਲਾਂ ਕਰਨ ਲਈ ਕੋਈ ਦਿਨ ਵਾਰ ਵੀ ਨਾ ਉਡੀਕਣਾ ਪਵੇ। ਉਸ ਦਿਨ ਦੀ ਅਖ਼ਬਾਰ ਦੀ ਕੋਈ ਸੁਰਖ਼ੀ ਇਨ੍ਹਾਂ ਗੱਲਾਂ ਦਾ ਬਹਾਨਾ ਹੋ ਸਕਦੀ ਹੈ।

ਕੋਈ ਤਾਜ਼ਾ ਵਾਪਰੀ ਘਟਨਾ ਦੀ ਗੱਲ ਕਰਦਿਆਂ ਇਹ ਵਿਸ਼ੇ ਵਿਚਾਰੇ ਜਾ ਸਕਦੇ ਹਨ। ਅਸੀਂ ਜਿਨ੍ਹਾਂ ਸਮਿਆਂ 'ਚ ਰਹਿ ਰਹੇ ਹਾਂ, ਇਹ ਗੱਲਾਂ, ਇਹ ਫ਼ਿਕਰ ਤਾਂ ਸਾਡੇ ਅੰਦਰ ਭਰੇ ਹੋਣੇ ਚਾਹੀਦੇ ਹਨ। ਇਹ ਗੱਲਾਂ ਕਰਦਿਆਂ ਸਾਡਾ ਧਿਆਨ ਘੜੀ ਵੱਲ ਨਹੀਂ ਜਾਵੇਗਾ। ਵਿਦਿਆਰਥੀ ਵੀ ਅੱਖ ਨਹੀਂ ਝਪਕਣਗੇ ਕਿਉਂਕਿ ਇਹ ਫ਼ਿਕਰ ਸਾਡੇ ਸਭ ਦੇ ਸਾਂਝੇ ਹਨ। ਇਹ ਦਰਦ ਸਾਡੇ ਸਾਂਝੇ ਹਨ। •

ਕੁਦਰਤੀ ਸ੍ਰੋਤ

ਸਮਾਜ ਦੇ ਬਹੁਤ ਸਾਰੇ ਫ਼ਿਕਰ ਹਮੇਸ਼ਾ ਸਾਡੇ ਅੰਗ-ਸੰਗ ਰਹਿੰਦੇ ਹਨ। ਕਹਿ ਸਕਦੇ ਹਾਂ ਕਿ ਮੌਜੂਦਾ ਸਮਿਆਂ ਅੰਦਰ ਇਹ ਫ਼ਿਕਰ ਕੁਝ ਜ਼ਿਆਦਾ ਵਿਕਰਾਲ ਰੂਪ ਧਾਰੀ ਬੈਠੇ ਹਨ। ਜਦ ਇਨ੍ਹਾਂ ਫ਼ਿਕਰਾਂ ਦਾ ਸੂਚੀਬੱਧ ਜ਼ਿਕਰ ਕਰਨ ਬਾਰੇ ਸੋਚਦਾ ਹਾਂ ਤਾਂ ਮੈਨੂੰ ਆਪਣੇ ਆਪ ਤੋਂ ਕਵਿਆਣ ਆਉਣ ਲੱਗਦੀ ਹੈ। ਇਹ ਤਾਂ ਉਹ ਗੱਲਾਂ ਨੇ ਜਿਨ੍ਹਾਂ ਨੂੰ ਅਸੀਂ ਸਾਰੇ ਹੀ ਜਾਣਦੇ ਹਾਂ ਤੇ ਇਹ ਚੰਗੀ ਗੱਲ ਹੈ ਕਿ ਅਸੀਂ ਜਾਣਦੇ ਹਾਂ। ਜਾਣਦੇ ਹਾਂ ਤਾਂ ਹੀ ਘਰਾਂ 'ਚ ਪਾਣੀ ਫਿਲਟਰ ਵਾਲਾ ਪੀਂਦੇ ਹਾਂ ਪਰ ਰਵਾ ਛਣ ਕੇ ਸਾੜੀਆਂ ਰਗਾਂ 'ਚ ਜਾਵੇ, ਇਸ ਦਾ ਉਪਚਾਰ ਅਜੇ ਅਸੀਂ ਨਹੀਂ ਕਰ ਸਕੇ। ਮਿੱਟੀ 'ਚ ਆਪਣੇ ਹੱਥੀਂ ਮਿਲਾਈ ਜ਼ਹਿਰ ਨੂੰ ਕਸ਼ੀਦ ਕੇ ਬਾਹਰ ਕੱਢ ਸਕੀਏ, ਅਜਿਹਾ ਕੋਈ ਹੱਲ ਵੀ ਸਾਡੇ ਕੋਲ ਨਹੀਂ। ਰੁੱਖਾਂ ਦੇ ਗੀਤ ਜ਼ਰੂਰ ਗਾਉਂਦੇ ਹਾਂ ਪਰ ਰੁਰਾੜਾ ਵੀ ਵਾਹੁੰਦੇ ਹਾਂ। ਕੁਦਰਤੀ ਸ੍ਰੋਤਾਂ ਨੂੰ ਦੇਰੀ ਰੱਖੀ ਲੁਟ 'ਤੇ ਲੁਟਾ ਰਹੇ ਹਾਂ। ਆਉਂਦੀਆਂ ਪੀੜ੍ਹੀਆਂ ਲਈ ਕੀ ਛੱਡ ਕੇ ਜਾ ਰਹੇ ਹਾਂ।

ਲੋਕ ਮਨਾਂ 'ਚੋਂ ਵਿਸਰ ਗਈ ਸਿੱਖਿਆ ਦੇਣ ਦੀ ਰੀਤ

ਅਵਤਾਰ ਸਿੰਘ ਸੌਜਾ

ਦੁਨੀਆ ਦੇ ਸੱਭਿਆਚਾਰਾਂ ਵਿਚ ਪੰਜਾਬੀ ਸੱਭਿਆਚਾਰ ਅਹਿਮ ਸਥਾਨ ਰੱਖਦਾ ਹੈ। ਸੱਭਿਆਚਾਰ ਦੇ ਵਿਭਿੰਨ ਰੰਗ ਪੰਜਾਬੀ ਬੋਲੀ, ਪਹਿਰਾਵਾ, ਖਾਣ- ਪੀਣ, ਰਹਿਣ-ਸਹਿਣ, ਰਸਮਾਂ, ਰੀਤਾਂ ਅੱਜ ਵੀ ਸਾਡੀ ਪਛਾਣ ਹਨ। ਮਨੁੱਖ ਜਿਵੇਂ-ਜਿਵੇਂ ਤਰੱਕੀ ਕਰ ਰਿਹਾ ਹੈ ਉਹ ਆਪਣੇ ਪਿਛੋਕੜ ਨੂੰ ਭੁਲਦਾ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਦੀਆਂ ਰਸਮਾਂ ਰਿਵਾਜ ਦਿਲਾਂ ਨੂੰ ਛੂਹਣ ਵਾਲੇ ਹੁੰਦੇ ਹਨ ਪਰ ਸਮਾਂ ਬਦਲਣ ਨਾਲ ਇਨ੍ਹਾਂ ਵਿਚ ਵੀ ਤਬਦੀਲੀ ਆਈ ਹੈ। ਅਜਿਹੀ ਹੀ ਇਕ ਰੀਤ ਸੀ, ਵਿਆਹ ਸਮੇਂ ਲਾਵਾਂ ਤੋਂ ਬਾਅਦ, ਲੜਕੀ ਨੂੰ ਦਿੱਤੀ ਜਾਂਦੀ ਸਿੱਖਿਆ ਦੀ। ਆਮ ਤੌਰ 'ਤੇ ਵਿਆਹ ਵਾਲੀ ਲੜਕੀ ਦੀ ਭੈਣ ਜਾਂ ਰਿਸ਼ਤੇਦਾਰ ਲੜਕੀ ਜਾਂ ਪਿੰਡ/ਆਂਢ-ਗੁਆਂਢ 'ਚੋਂ ਕੋਈ ਲੜਕੀ ਇਹ ਸਿੱਖਿਆ ਸੁਣਾਉਂਦੀ ਹੁੰਦੀ ਸੀ। ਇਸ ਵਿਚ ਕੁਝ ਸਤਰਾਂ ਬੋਲ ਕੇ ਜਾਂ ਗਾ ਕੇ ਸੁਣਾਈਆਂ ਜਾਂਦੀਆਂ ਸਨ। ਇਸ ਵਿਚ ਲੜਕੀ ਦੇ ਮਾਤਾ ਪਿਤਾ ਦਾ ਮਾਣ ਸਨਮਾਣ ਕਾਇਮ ਰੱਖਣ

ਕੱਚੀਆਂ ਖੂਹੀਆਂ, ਬੋਰਵੈਲ ਤੇ ਟਿਊਬਵੈਲਾਂ ਦੀ ਖੁਦਾਈ ਤੇ ਮੁਰੰਮਤ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਫੌਜਦਾਰੀ, ਜਾਬਤਾ, ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕੱਚੀਆਂ ਖੂਹੀਆਂ ਅਤੇ ਬੋਰਵੈਲ/ਟਿਊਬਵੈਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਹਨਾਂ ਵਿੱਚ ਡਿੱਗ ਜਾਣ ਨਾਲ ਹੁੰਦੇ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਣ ਲਈ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਹੁਕਮਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਬੋਰਵੈਲ/ਟਿਊਬਵੈਲ ਦੀ ਖੁਦਾਈ/ਮੁਰੰਮਤ ਕਰਨ ਤੋਂ ਪਹਿਲਾਂ ਜ਼ਮੀਨ ਮਾਲਕ ਜ਼ਿਲ੍ਹਾ ਕੁਲੈਕਟਰ, ਸਬੰਧਤ ਸਰਪੰਚ ਗ੍ਰਾਮ ਪੰਚਾਇਤ, ਮਿਊਂਸਪਲ ਕਾਰਪੋਰੇਸ਼ਨ, ਨਗਰ ਕੌਂਸਲ, ਜਨ ਸਿਹਤ ਵਿਭਾਗ ਜਾਂ ਭੂਮੀ ਰੱਖਿਆ ਵਿਭਾਗ ਨੂੰ 15 ਦਿਨ ਪਹਿਲਾਂ ਸੂਚਿਤ ਕਰੇਗਾ ਅਤੇ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਵਾਲੀਆਂ ਸਾਰੀਆਂ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ ਏਜੰਸੀਆਂ ਦੀ ਰਜਿਸਟ੍ਰੇਸ਼ਨ ਹੋਣਾ ਲਾਜ਼ਮੀ ਹੋਵੇਗਾ। ਇਹ ਹੁਕਮ 5 ਜੂਨ 2024 ਤੱਕ ਜਾਰੀ ਰਹਿਣਗੇ ਅਤੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ਡਰਿਲਿੰਗ ਏਜੰਸੀ ਦੇ ਮਾਲਕ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਮਨਾਹੀ ਦੇ ਹੁਕਮਾਂ ਅਨੁਸਾਰ ਖੂਹ/ਬੋਰਵੈਲ ਦੇ ਪੁੱਟਣ ਜਾਂ ਮੁਰੰਮਤ ਵਾਲੀ ਥਾਂ 'ਤੇ ਡਰਿਲਿੰਗ ਏਜੰਸੀ ਅਤੇ ਖੂਹ/ਬੋਰਵੈਲ ਲਵਾਉਣ ਵਾਲੇ ਮਾਲਕ ਦੇ ਪੂਰੇ ਪਤੇ ਵਾਲਾ ਸਾਈਨ ਬੋਰਡ ਲਗਾਇਆ ਜਾਵੇ ਅਤੇ ਉਸ ਸਾਈਨ ਬੋਰਡ 'ਤੇ ਡਰਿਲਿੰਗ ਏਜੰਸੀ ਦਾ ਰਜਿਸਟ੍ਰੇਸ਼ਨ ਨੰਬਰ ਲਿਖਿਆ ਹੋਣਾ ਵੀ ਲਾਜ਼ਮੀ ਹੋਵੇਗਾ। ਬੋਰਵੈਲ ਦੇ ਆਲੇ-ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ ਬੋਲਟ ਬੰਦ ਕਰਕੇ ਢਕਣਾ ਜ਼ਰੂਰੀ ਹੋਵੇਗਾ, ਖੂਹ/ਬੋਰਵੈਲ ਦੇ ਆਲੇ ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫਾਰਮ, ਜੋ ਜ਼ਮੀਨੀ ਪੱਧਰ ਤੋਂ (0.30 ਮੀਟਰ ਉੱਪਰ ਅਤੇ 0.30 ਮੀਟਰ ਹੇਠਾਂ) ਖੂਹ ਦੇ ਆਲੇ ਦੁਆਲੇ ਉਸਾਰੀ ਕੀਤੀ ਜਾਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਖੂਹ/ਬੋਰਵੈਲ ਨੂੰ ਪੁੱਟਣ ਜਾਂ ਮੁਰੰਮਤ ਕਰਨ ਉਪਰੰਤ ਖਾਲੀ ਥਾਂ ਨੂੰ ਉਸ ਦੇ ਆਲੇ-ਦੁਆਲੇ ਮਿੱਟੀ ਪਾ ਕੇ ਪੱਧਰ ਕੀਤਾ ਜਾਵੇ, ਖਾਲੀ ਪਏ ਬੋਰਵੈਲ/ਖੂਹ ਨੂੰ ਮਿੱਟੀ/ਰੇਤ ਨਾਲ ਉਪਰ ਤੱਕ ਭਰਿਆ ਜਾਵੇ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ ਜ਼ਮੀਨੀ ਪੱਧਰ ਨੂੰ ਪਹਿਲਾਂ ਦੀ ਤਰ੍ਹਾਂ ਕੀਤਾ ਜਾਵੇ ਅਤੇ ਖੂਹ/ਬੋਰਵੈਲ ਨੂੰ ਕਿਸੇ ਵੀ ਹਾਲਤ ਵਿੱਚ ਖੁੱਲ੍ਹਾ ਨਾ ਛੱਡਿਆ ਜਾਵੇ ਅਤੇ ਨਕਾਰਾ ਪਏ ਖੂਹ ਨੂੰ ਚੀਕਨੀ ਮਿੱਟੀ, ਪੱਥਰ, ਕੰਕਰੀਟ ਆਦਿ ਨਾਲ ਤਲੇ ਤੋਂ ਲੈ ਕੇ ਉਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕੀਤਾ ਜਾਵੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਅਤੇ ਉਨ੍ਹਾਂ ਦੀ ਦੇਖਰੇਖ ਤੋਂ ਬਿਨਾਂ ਨਹੀਂ ਕਰਵਾਏਗਾ। ਪੇਂਡੂ ਇਲਾਕੇ ਵਿੱਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ ਵਿੱਚ ਜਨ ਸਿਹਤ ਵਿਭਾਗ, ਭੂਮੀ ਰੱਖਿਆ ਕਾਰਪੋਰੇਸ਼ਨ, ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਅਧਿਕਾਰੀਆਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰਾਂ ਦੀ ਰਿਪੋਰਟ ਤਿਆਰ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਖੇਤਰ ਵਿੱਚ ਕਿੰਨੇ ਬੋਰਵੈਲ/ਖੂਹ ਆਦਿ ਨਵੇਂ ਖੁਦਵਾਏ ਗਏ ਹਨ, ਕਿੰਨਿਆਂ ਦੀ ਮੁਰੰਮਤ ਕਰਵਾਈ, ਕਿੰਨੇ ਵਰਤੋਂ ਵਿੱਚ ਹਨ, ਕਿੰਨੇ ਬਿਨਾਂ ਵਰਤੋਂ ਖਾਲੀ ਹਨ ਅਤੇ ਕਿੰਨੇ ਭਰਵਾਏ ਗਏ ਹਨ। ਇਨ੍ਹਾਂ ਵਿਭਾਗਾਂ ਵੱਲੋਂ ਆਪਣੇ ਆਪਣੇ ਖੇਤਰ ਦੀ ਰਿਪੋਰਟ ਦੀ ਇੱਕ ਕਾਪੀ ਦਫਤਰੀ ਰਿਕਾਰਡ ਲਈ ਆਪਣੇ ਕੋਲ ਰੱਖੀ ਜਾਵੇਗੀ ਅਤੇ ਹਰੇਕ ਮਹੀਨੇ ਇਸ ਰਿਪੋਰਟ ਦੀ ਇੱਕ ਕਾਪੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਭੇਜਣੀ ਲਾਜ਼ਮੀ ਹੋਵੇਗੀ।

ਵਿਸ਼ੇਸ਼ ਲੋੜਾਂ ਵਾਲੇ (ਦਿਵਿਯਾਂਗ) ਵੋਟਰਾਂ ਨੂੰ ਕੀਤਾ ਜਾ ਰਿਹਾ ਹੈ ਜਾਗਰੂਕ

ਸ੍ਰੀ ਅਨੰਦਪੁਰ ਸਾਹਿਬ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਾ.ਪ੍ਰੀਤੀ ਯਾਦਵ ਜਿਲ੍ਹਾ ਚੋਣਕਾਰ ਅਫਸਰ ਕਮ ਡਿਪਟੀ ਕਮਿਸ਼ਨਰ ਰੂਪਨਗਰ ਦੁਆਰਾ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਸਵੀਪ ਗਤੀਵਿਧੀਆਂ ਰਾਹੀਂ ਵਿਸੇਸ਼ ਲੋੜਾ ਵਾਲੇ (ਦਿਵਿਯਾਂਗ), ਇਸਤਰੀਆਂ ਅਤੇ ਨੌਜਵਾਨ ਵੋਟਰਾਂ ਨੂੰ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੋਟ ਪਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

ਰਣਜੀਤ ਸਿੰਘ ਸਵੀਪ ਨੋਡਲ ਅਫਸਰ ਅਤੇ ਜਤਿੰਦਰ ਸਿੰਘ ਇੰਚਾਰਜ ਚੋਣਾਂ ਨੇ ਦੱਸਿਆ ਕਿ ਬੂਥ ਲੈਵਲ ਜਾਗਰੂਕਤਾ ਗਰੁੱਪ ਦੇ ਸਹਿਯੋਗ ਦੇ ਨਾਲ ਝੁੱਗੀ ਝੋਪੜੀਆਂ, ਘੱਟ ਵੋਟ ਪ੍ਰਤੀਸ਼ਤਤਾ ਵਾਲੇ ਇਲਾਕਿਆਂ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਵਿਸੇਸ਼ ਲੋੜਾ ਵਾਲੇ (ਦਿਵਿਯਾਂਗ), ਇਸਤਰੀਆਂ ਅਤੇ ਨੌਜਵਾਨ ਵੋਟਰਾਂ ਦੇ ਨਾਲ ਸੰਪਰਕ ਕਰਕੇ, ਉਹਨਾਂ ਨੂੰ ਅਗਾਮੀ ਲੋਕ ਸਭਾ ਚੋਣਾਂ ਦੇ ਵਿੱਚ ਮਤਦਾਨ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਰਾਜਪਾਲ ਸਿੰਘ ਸਹਾਇਕ ਚੋਣਕਾਰ ਅਫਸਰ ਕਮ ਐਸ.ਡੀ.ਐਮ ਸ਼੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਇਹਨਾਂ ਵੋਟਰਾਂ ਨੂੰ ਆਗਾਮੀ ਲੋਕ ਸਭਾ ਚੋਣਾ 2024 ਵਿੱਚ ਬਿਨਾਂ ਕਿਸੇ ਡਰ, ਧਰਮ, ਜਾਤ ਅਤੇ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਆਪਣਾ ਮੱਤਦਾਨ ਦੇਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਨੌਜਵਾਨ ਵੋਟਰਾਂ ਨੂੰ ਆਪਣੇ ਘਰ, ਗਲੀ ਮੁਹੱਲੇ ਵਿੱਚ ਇਹ ਸੁਨੇਹਾ ਦੇਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਕੋਈ ਵੀ ਵੋਟਰ ਅਗਾਮੀ ਲੋਕ ਸਭਾ ਚੋਣਾਂ ਵਿੱਚ ਮਤਦਾਨ ਕਰਨ ਤੋਂ ਰਹਿ ਨਾ ਜਾਵੇ। ਉਨ੍ਹਾਂ ਦੱਸਿਆ ਕਿ ਸਵੀਪ ਅਧਿਕਾਰੀਆਂ ਨੂੰ ਸੈਕਟਰ ਸੁਪਰਵਾਈਜ਼ਰਾਂ ਅਤੇ ਬੀ.ਐਲ.ਓਜ਼ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਦੀ ਡੋਰ-ਟੂ-ਡੋਰ ਟ੍ਰੇਨਿੰਗ ਮੁਹਿੰਮ ਸ਼ੁਰੂ

ਭਾਜਪਾ ਕੋਲ ਈ.ਡੀ-ਸੀਬੀਆਈ ਹੈ ਤੇ ਸਾਡੇ ਕੋਲ ਮਿਹਨਤੀ ਵਰਕਰ: ਡਾ. ਬਲਬੀਰ ਸਿੰਘ

ਜ਼ੀਰਕਪੁਰ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਪਿੰਡ ਛੱਤ ਵਿੱਖੇ ਆਮ ਆਦਮੀ ਪਾਰਟੀ ਦੇ ਪਟਿਆਲਾ ਦੇ ਲੋਕ ਸਭਾ ਤੋਂ ਉਮੀਦਵਾਰ ਡਾ: ਬਲਬੀਰ ਸਿੰਘ ਅਤੇ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਮੌਜੂਦਗੀ ਵਿੱਚ ਬਲਾਕ ਪ੍ਰਧਾਨ, ਵਿੰਗਾ ਦੇ ਪ੍ਰਧਾਨ, ਮਿਉਂਸੀਪਲ ਕਮੇਟੀ ਦੇ ਪ੍ਰਧਾਨ, ਕੌਂਸਲਰਾਂ, ਵਲੰਟੀਅਰਾਂ ਤੇ ਬੂਥ ਇੰਚਾਰਜਾਂ ਨੂੰ ਡੋਰ ਟੂ ਡੋਰ ਪ੍ਰਚਾਰ ਕਰਨ ਦੀ ਟ੍ਰੇਨਿੰਗ ਮੀਟਿੰਗ ਕੀਤੀ ਗਈ। ਇਸ ਮੌਕੇ ਪਾਰਟੀ ਵਰਕਰਾਂ ਨੂੰ ਆਮ ਆਦਮੀ ਪਾਰਟੀ ਦੀ ਘਰ-ਘਰ ਜਾ ਕੇ ਗਾਰੰਟੀ ਦੀ ਮੁਹਿੰਮ ਚਲਾਉਣ ਦੀ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਭਾਜਪਾ 'ਤੇ ਨਿਸ਼ਾਨਾ ਲਾਉਂਦੀਆਂ ਕਿਹਾ ਕਿ ਅੱਜ ਸਾਡੇ ਸਾਹਮਣੇ ਚੋਣਾਂ ਲੜ ਰਹੀਆਂ ਸਿਆਸੀ ਪਾਰਟੀਆਂ ਧਨਾਢਾਂ ਦੀਆਂ ਪਾਰਟੀਆਂ ਹਨ।

ਉਨ੍ਹਾਂ ਕਿਹਾ ਕਿ (ਭਾਜਪਾ) ਕੋਲ ਈਡੀ, ਸੀਬੀਆਈ ਅਤੇ ਇਨਕਮ ਟੈਕਸ ਦੇ ਨਾਲ-ਨਾਲ ਪੈਸਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਸਾਡੇ ਮਿਹਨਤੀ ਵਰਕਰ ਹਨ। ਜੋ ਜਨਤਾ ਅਤੇ ਪਾਰਟੀ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਇਨ੍ਹਾਂ ਵਰਕਰਾਂ ਦੇ ਦਮ 'ਤੇ ਹੀ ਆਮ ਆਦਮੀ ਪਾਰਟੀ ਚੋਣ ਮੈਦਾਨ ਵਿਚ ਅੱਗੇ ਵੱਧ ਰਹੀ ਹੈ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ 'ਆਪ' ਵਰਕਰਾਂ ਅਤੇ ਵਲੰਟੀਅਰਾਂ ਦੇ ਪਿਆਰ, ਭਰੋਸੇ ਅਤੇ ਮਿਹਨਤ ਲਈ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ, ਸੂਬੇ ਅਤੇ ਦੇਸ਼ ਦੀ ਤਕਦੀਰ ਉਹਨਾਂ ਵਲੰਟੀਅਰਾਂ ਦੇ ਹੱਥਾਂ ਵਿਚ ਹੁੰਦੀ ਹੈ ਜੋ ਅਣਥੱਕ ਮਿਹਨਤ ਕਰਦੇ ਹਨ। ਉਨ੍ਹਾਂ ਲੋਕ ਸਭਾ ਚੋਣਾਂ ਸਬੰਧੀ ਪਾਰਟੀ ਦੇ ਵਲੰਟੀਅਰਾਂ ਨਾਲ ਵਿਸਥਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਲੰਟੀਅਰ ਤਿਆਰ ਹੋ ਜਾਣ ਕਿਉਂਕਿ ਪਾਰਟੀ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਲੋਕਸਭਾ ਪਟਿਆਲਾ ਤੋਂ 'ਆਪ' ਦੇ ਉਮੀਦਵਾਰ ਡਾ. ਬਲਬੀਰ ਸਿੰਘ ਹਨ ਜੋ ਪੜ੍ਹੇ-ਲਿਖੇ ਉਮੀਦਵਾਰ ਹਨ ਜੋ ਪੇਸ਼ੇ ਤੋਂ ਮਾਹਿਰ ਡਾਕਟਰ ਹਨ ਪਰ ਆਪਣੀ ਮਿਹਨਤ ਨਾਲ ਉਹ ਨੇ ਕਮਯਾਬੀ ਦੀ ਪੌੜੀਆਂ ਚੜ੍ਹੇ।

ਉਨ੍ਹਾਂ ਦਾ ਜੀਵਨ ਸੰਘਰਸ਼ਾਂ ਨਾਲ ਭਰਿਆ ਰਿਹਾ ਪਰ ਉਨ੍ਹਾਂ ਨੇ ਸਫਲਤਾ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਪਾਰਟੀ ਵਰਕਰ ਸਕਾਰਾਤਮਕ ਕੈਂਪੇਨ ਚਲਾ ਮੁੱਖਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦੋ ਸਾਲਾਂ ਵਿੱਚ ਕੀਤੇ ਕੰਮਾਂ ਨੂੰ ਘਰ-ਘਰ ਤੱਕ ਪੁੱਜਦਾ ਕਰਨਗੇ। ਰੰਧਾਵਾ ਨੇ ਕਿਹਾ ਕਿ ਅੱਜ 90% ਘਰਾਂ ਨੂੰ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ, 43 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, ਬਿਨਾਂ ਸਿਫਾਰਿਸ਼ ਅਤੇ ਰਿਸ਼ਵਤ ਤੋਂ ਬਿਨਾਂ ਨੌਕਰੀਆਂ ਦਿੱਤੀਆਂ ਗਈਆਂ ਹਨ, ਅਸੀਂ ਇੱਕ ਘਰ-ਘਰ ਰਾਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜ਼ਿਆਦਾਤਰ ਸਰਕਾਰੀ ਸੇਵਾਵਾਂ ਦੀ ਡੋਰ ਸਟੈਪ ਡਿਲੀਵਰੀ, ਲੋਕਾਂ ਦੀ ਸਹੂਲਤ ਅਨੁਸਾਰ ਲੋਕਾਂ ਦੇ ਕੰਮ ਲੋਕਾਂ ਦੇ ਘਰ ਵਿੱਚ ਕੀਤੇ ਜਾਂਦੇ ਹਨ।

ਸਰਕਾਰ ਨੇ ਲੋਕਾਂ ਦੀਆਂ ਜੇਬਾਂ 'ਤੇ ਕੋਈ ਬੋਝ ਨਹੀਂ ਪਾਇਆ, ਅਜਿਹੀ ਕੋਈ ਫਾਈਲ ਨਹੀਂ ਛੱਡੀ ਜੋ ਪੰਜਾਬ ਨੂੰ ਲੁੱਟਣ ਲਈ ਲੋਕਾਂ ਨੂੰ ਜਵਾਬਦੇਹ ਠਹਿਰਾਉਂਦੀ ਹੋਵੇ। ਸਰਕਾਰ ਹਰ ਖੇਤ ਨੂੰ ਸਿੰਚਾਈ ਲਈ ਨਹਿਰੀ ਪਾਣੀ ਦੇਣ ਲਈ ਕੰਮ ਕਰ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਰਾਤ ਨੂੰ ਖੇਤਾਂ ਵਿੱਚ ਨਾ ਜਾਣਾ ਪਵੇ।

ਰੰਧਾਵਾ ਨੇ ਅਗੇ ਕਿਹਾ ਕਿ ਸਰਕਾਰ ਨੇ ਮੁਹੱਲਾ ਕਲੀਨਿਕ ਖੋਲ੍ਹੇ, ਸਕੂਲ ਅਪਗ੍ਰੇਡ ਕੀਤੇ ਅਤੇ ਹਰ ਕਿਸੇ ਨੂੰ ਵਧੀਆ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣ ਲਈ ਕੰਮ ਕਰ ਰਹੇ ਹਾਂ।

ਪਰਸ਼ੂਰਾਮ ਧਰਮਸ਼ਾਲਾ ਵਿਖੇ ਹਿੰਦੂ ਨਵੇਂ ਸਾਲ ਬਿਕਰਮੀ ਸੰਮਤ 2081ਦੇ ਸ਼ੁੱਭ ਆਰੰਭ ਤੇ ਕਰਾਵਾਇਆ ਗਿਆ ਹਵਨ ਯੱਗ

ਸਮਾਣਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪਰਸ਼ੂਰਾਮ ਧਰਮਸ਼ਾਲਾ ਅਤੇ ਬ੍ਰਾਹਮਣ ਸਭਾ ਸਮਾਣਾ ਰਜਿ 1093 ਦੀ ਰਹਿਨੁਮਾਈ ਹੇਠ ਅਤੇ ਪ੍ਰਧਾਨ ਧਰਮਪਾਲ ਜੋਸ਼ੀ ਦੀ ਅਗਵਾਈ ਵਿੱਚ ਪਰਸ਼ੂ ਰਾਮ ਧਰਮਸ਼ਾਲਾ ਸਮਾਣਾ ਵਿਖੇ ਹਿੰਦੂ ਨਵੇਂ ਸਾਲ ਬਿਕ੍ਰਮੀ ਸੰਮਤ 2081ਦੇ ਸ਼ ?ਭ ਆਰੰਭ ਅਤੇ ਚੇਤ ਨਵਰਾਤਰਿਆਂ ਮੌਕੇ ਹਵਨ ਯੱਗ ਕਰਵਾਇਆ ਗਿਆ। ਇਸ ਮੌਕੇ ਬ੍ਰਾਹਮਣ ਸਮਾਜ ਅਤੇ ਸ਼ਹਿਰ ਦੇ ਕਈ ਪਤਵੰਤਿਆਂ ਵਲੋਂ ਸ਼ਿਰਕਤ ਕੀਤੀ ਗਈ ਅਤੇ ਸੰਸਾਰ ਦੀ ਅਮਨ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ ਜੌੜਾ ਮਾਜਰਾ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ ,ਇਸ ਮੌਕੇ ਉਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਇਸ ਦੇ ਨਾਲ ਹੀ ਨਵੇਂ ਸਾਲ ਦਾ ਕੈਲੰਡਰ ਵੀ ਜਾਰੀ ਕੀਤਾ। ਇਸ ਮੌਕੇ ਰਵਿੰਦਰ ਸਿੰਘ ਸੋਹਲ ਹਲਕਾ ਇੰਚਾਰਜ ਬੀਸੀ ਵਿੰਗ ਆਪ ਸਮਾਣਾ, ਭਾਜਪਾ ਯੁਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਨੇ ਵੀ ਸਮੂਹ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਅਤੁੱਟ ਭੰਡਾਰਾਂ ਵੀ ਲਗਾਇਆ ਗਿਆ। ਇਸ ਮੌਕੇ ਚੇਅਰਮੈਨ ਬਲਦੇਵ ਰਾਜ , ਕੈਸ਼ੀਅਰ ਨਰੇਸ਼ ਸ਼ਰਮਾ , ਤੇਜਿੰਦਰ ਸ਼ਰਮਾ ਸਰਪ੍ਰਸਤ, ਜਗਦੀਸ਼ ਸ਼ਾਸਤਰੀ ਸਰਪ੍ਰਸਤ, ਗੁਰਪ੍ਰਸਾਦ ਸ਼ਰਮਾ ,ਚੈਨ ਰਾਮ, ਜਤਿੰਦਰ ਸ਼ਰਮਾ, ਵਿਕਾਸ ਸ਼ਰਮਾ, ਪ੍ਰੇਮ ਚੰਦ, ਨਰਿੰਦਰ ਪਟਵਾਰੀ, ਰਜਿੰਦਰ , ਪ੍ਰਦੀਪ ਸ਼ਰਮਾ, ਦਰਸ਼ਨ ਸ਼ਰਮਾ, ਗੁਰਵਿੰਦਰ, ਜਗਨਨਾਥ,ਭੀਮ ਮਾਸਟਰ, ਮੀਨਾ ਸ਼ਰਮਾ,ਰਾਜ ਸ਼ਰਮਾ, ਅਮਰਜੀਤ ਕੌਰ ਆਦਿ ਹਾਜ਼ਰ ਸਨ।

ਵਿਰਕ ਟਰਾਂਸਪੋਰਟ ਵੱਲੋਂ ਮਾਛੀਵਾੜਾ ਸਾਹਿਬ ਪਹੁੰਚਣ 'ਤੇ ਪੰਜਾਬ ਬਚਾਓ ਯਾਤਰਾ ਦਾ ਭਰਵਾਂ ਸਵਾਗਤ

ਮਾਛੀਵਾੜਾ ਸਾਹਿਬ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਵਿਖੇ ਪੰਜਾਬ ਬਚਾਓ ਯਾਤਰਾ ਪੁੱਜਣ ਤੇ ਸ਼੍ਰੋਮਣੀ ਅਕਾਲੀ ਦਲ ਦੇ

ਚਿੰਤਨ ਦੀ ਜ਼ਰਖ਼ੇਜ਼ ਜ਼ਮੀਨ

ਸੁਰਿੰਦਰ ਰਾਮਪੁਰੀ
ਮੋਬਾਈਲ : 99156-34722

ਪ੍ਰੀਤਲੜੀ ਦੀਆਂ ਰਚਨਾਵਾਂ ਦਾ ਮੁੱਖ ਧੁਰਾ ਪ੍ਰੀਤ ਰਿਹਾ ਹੈ ਫਿਰ ਵੀ ਉਨ੍ਹਾਂ ਨੇ ਜੀਵਨ ਦੇ ਹਰ ਪੱਖ ਬਾਰੇ ਵਿਸਥਾਰ ਨਾਲ ਲਿਖਿਆ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਸਮਾਜਿਕ ਕੁਰੀਤੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਹੈ...

ਪ੍ਰੀਤ ਦੇ ਫਲਸਫ਼ੇ ਦਾ ਪਹਿਰੇਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਮੁੱਖ ਤੌਰ 'ਤੇ ਨਿੰਬਧ ਲੇਖਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪੰਜਾਬੀ ਵਾਰਤਕ ਲੇਖਣ ਵਿਚ ਉਨ੍ਹਾਂ ਦੀ ਵਿਸ਼ੇਸ਼ ਪਛਾਣ ਹੈ। ਜਿੰਨੀ ਵੱਡੀ ਮਾਤਰਾ ਵਿਚ ਉਨ੍ਹਾਂ ਨੇ ਵਾਰਤਕ ਲਿਖੀ, ਪੰਜਾਬੀ ਦੇ ਕਿਸੇ ਵੀ ਲੇਖਕ ਨੇ ਨਹੀਂ ਲਿਖੀ। ਪੰਜਾਬੀ ਗਲਪ ਸਾਹਿਤ ਨੂੰ ਉਨ੍ਹਾਂ ਦੀ ਅਮੁੱਲੀ ਦੇਣ ਹੈ। ਨਾਵਲ ਅਤੇ ਕਹਾਣੀ ਖੇਤਰ ਵਿਚ ਉਨ੍ਹਾਂ ਨੇ ਵੱਡੇ-ਵੱਡੇ ਪੂਰਨੇ ਪਾਏ ਹਨ। ਉਨ੍ਹਾਂ ਦੇ ਦੋ ਨਾਵਲ ਅਤੇ ਸੋਲ੍ਹਾਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਉਹ ਕਲਮ ਦੇ ਧਨੀ ਅਤੇ ਸੱਚੇ-ਸੁੱਚੇ ਸਿਪਾਹੀ ਸਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਇਕ ਕਹਾਣੀ 'ਪਿਆਰ ਕਬਜ਼ਾ ਨਹੀਂ ਪਹਿਚਾਨ ਹੈਂ' ਲਿਖੀ। ਇਸ ਕਹਾਣੀ ਦਾ ਨਾਂ ਹੀ ਉਨ੍ਹਾਂ ਦਾ ਫ਼ਲਸਫ਼ਾ ਬਣ ਗਿਆ। ਇਹ ਕਹਾਣੀ ਵਾਰ ਵਾਰ ਪੜ੍ਹਨ ਨੂੰ ਜੀ ਕਰਦਾ ਹੈ। ਇਸ ਲੰਮੀ ਕਹਾਣੀ ਦੇ ਛੋਟੇ ਛੋਟੇ ਵਾਕ ਹਨ। ਉਨ੍ਹਾਂ ਨੇ ਆਪਣੇ ਫਲਸਫ਼ੇ ਨੂੰ ਕਹਾਣੀ ਦੇ ਤਾਣੇ-ਪੇਟੇ ਅਤੇ ਗੋਂਦ ਵਿਚ ਰਚਾ ਕੇ ਪੇਸ਼ ਕੀਤਾ ਹੈ। ਕਹਾਣੀ ਵਿੱਚੋਂ ਪ੍ਰਚਾਰ ਦਾ ਉੱਕਾ ਹੀ ਪ੍ਰਭਾਵ ਉਜਾਗਰ ਨਹੀਂ ਹੁੰਦਾ। ਇਹ ਉਨ੍ਹਾਂ ਦੀ ਪ੍ਰਤੀਨਿਧ ਅਤੇ ਉੱਤਮ ਕਹਾਣੀ ਦਾ ਨਮੂਨਾ ਵੀ ਹੈ।

ਭਾਵੇਂ ਪਿਆਰ ਕਬਜ਼ਾ ਨਹੀਂ ਪਹਿਚਾਣ, ਉਨ੍ਹਾਂ ਦੀ ਰਚਨਾ ਦਾ ਮੁੱਖ ਧੁਰਾ ਰਿਹਾ ਹੈ ਫਿਰ ਵੀ ਉਨ੍ਹਾਂ ਨੇ ਜੀਵਨ ਦੇ ਹਰ ਪੱਖ ਬਾਰੇ ਵਿਸਥਾਰ ਨਾਲ ਲਿਖਿਆ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਸਮਾਜਿਕ ਕੁਰੀਤੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਹੈ। ਦੇਸ਼ ਦੀ ਵੰਡ ਬਾਰੇ ਵੀ ਉਨ੍ਹਾਂ ਨੇ ਕਈ ਬਿਹਤਰੀਨ ਕਹਾਣੀਆਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀਆਂ ਜ਼ਿਆਦਾਤਰ ਕਹਾਣੀਆਂ ਘਟਨਾ ਪ੍ਰਧਾਨ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ ਜਾਗਰੂਕ ਅਤੇ ਸੰਘਰਸ਼-ਸ਼ੀਲ ਹਨ। ਸਰਲਤਾ ਉਨ੍ਹਾਂ ਦੀਆਂ ਕਹਾਣੀਆਂ ਦਾ ਖ਼ਾਸ ਗੁਣ ਹੈ। ਉਨ੍ਹਾਂ ਨੇ ਨਵੀਆਂ ਅਤੇ ਨਰੋਈਆਂ ਕਦਰਾਂ ਕੀਮਤਾਂ ਦਾ ਪੱਖ ਪੂਰਿਆ ਹੈ। ਪ੍ਰੀਤਲੜੀ ਦੀਆਂ ਕਹਾਣੀਆਂ ਜਿਉਂਦੇ ਜਾਗਦੇ ਮਨੁੱਖਾਂ ਦੀਆਂ ਕਹਾਣੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦਿਆਂ ਲੱਗਦਾ ਹੈ ਜਿਵੇਂ ਸਭ ਕੁਝ ਸਾਡੀਆਂ ਅੱਖਾਂ ਸਾਹਵੇਂ ਵਾਪਰ ਰਿਹਾ ਹੋਵੇ।

ਉਹ ਆਪਣੀ ਹਰ ਕਹਾਣੀ ਤੱਥਾਂ ਨੂੰ ਆਧਾਰ ਬਣਾ ਕੇ ਲਿਖਦੇ ਸਨ। ਕਈ ਕਹਾਣੀਆਂ ਉਨ੍ਹਾਂ ਨੇ ਜਿਉਂਦੇ-ਜਾਗਦੇ ਬੰਦਿਆਂ ਨਾਲ ਗੱਲ-ਬਾਤ ਕਰਨ ਉਪਰੰਤ ਲਿਖੀਆਂ। ਮੈਂ ਉਨ੍ਹਾਂ ਦੀ ਇਕ ਕਹਾਣੀ ਦੀ ਰਚਨ ਪ੍ਰਕਿਰਿਆ ਬਾਰੇ ਗੱਲ ਕਰਾਂਗਾ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਕ ਵਾਰ ਪੰਜਾਬੀ ਲਿਖਾਰੀ ਸਭਾ ਰਾਮਪੁਰ ਕਹਾਣੀ ਸਮਾਗਮ ਵਿਚ ਆਏ। ਰਾਤ ਨੂੰ ਹੋਏ ਕਵੀ ਦਰਬਾਰ ਵਿਚ ਮਹਿੰਦਰ ਕੈਦੀ ਨੇ ਕਵਿਤਾ ਪੜ੍ਹੀ। ਉਹ ਉਸ ਦੇ ਤਖ਼ੱਲਸ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਦੇਖਿਆ ਕਿ ਰੋਟੀ-ਪਾਣੀ ਵਰਤਾਉਂਦਿਆਂ ਅਤੇ ਹੋਰ ਪ੍ਰਬੰਧਕੀ ਕੰਮ ਕਰਦਿਆਂ ਸਾਰੇ ਦੋਸਤ-ਮਿੱਤਰ ਉਸ ਨੂੰ ਕੈਦੀ ਕਹਿ ਕੇ ਹੀ ਆਵਾਜ਼ ਮਾਰਦੇ ਸਨ। ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਉਨ੍ਹਾਂ ਮਹਿੰਦਰ ਕੈਦੀ ਨੂੰ ਆਪਣੇ ਕੋਲ ਬੁਲਾਇਆ। ਖੁੱਲ੍ਹ ਕੇ ਗੱਲਾਂ ਕੀਤੀਆਂ। ਉਸ ਦੇ 'ਤਖ਼ੱਲਸ' ਬਾਰੇ ਜਾਣਕਾਰੀ ਲਈ। ਮਹਿੰਦਰ ਕੈਦੀ ਨੇ ਕਿਹਾ ਕਿ ਪਹਿਲਾਂ ਉਹ ਜੇਲ੍ਹ ਵਿਚ ਕੈਦੀ ਸੀ ਪਰ ਹੁਣ ਪਿਆਰ ਦਾ ਕੈਦੀ ਹੈ। ਗੁਰਬਖ਼ਸ਼ ਸਿੰਘ ਨੇ ਇਸ ਘਟਨਾ ਨੂੰ ਆਧਾਰ ਬਣਾਕੇ ਕਹਾਣੀ 'ਕੈਦੀ' ਲਿਖੀ ਜੋ ਉਨ੍ਹਾਂ ਦੀ ਪ੍ਰਤੀਨਿਧ ਰਚਨਾ ਬਣ ਗਈ ਅਤੇ ਸਕੂਲਾਂ ਕਾਲਜਾਂ ਦੇ ਸਿਲੇਬਸ ਦਾ ਹਿੱਸਾ ਬਣੀ। ਇਸ ਕਹਾਣੀ ਦਾ

26 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼

ਅਰੰਭ ਹੈ, 'ਕੈਦੀ ਨਿਰਾ ਮੇਰਾ ਤਖ਼ੱਲਸ ਹੀ ਨਹੀਂ, ਮੇਰੀ ਕਹਾਣੀ ਏ, ਕਵੀ ਚੰਨ ਦੀ ਚਾਨਣੀ ਵਿਚ ਆਪਣੇ ਮਿੱਤਰ ਨੂੰ ਕਹਿ ਰਿਹਾ ਸੀਂ ਅਤੇ ਅੰਤ ਦੀਆਂ ਸੱਤਰਾਂ ਹਨ, 'ਨਹੀਂ ਹੁਣ ਮੈਂ ਜੇਲ੍ਹ ਦਾ ਕੈਦੀ ਕਦੀ ਨਹੀਂ ਬਣਨਾ। ਹੁਣ ਮੈਂ ਪਿਆਰ ਦਾ ਕੈਦੀ ਹੋ ਚੁੱਕਾ ਹਾਂ, ਰੂਪਾ ਰਾਣੀ ਦਾ ਕੈਦੀ ਹੋ ਚੁੱਕਾ ਹਾਂ'।

ਮਹਿੰਦਰ ਕੈਦੀ ਆਪਣੀ ਪਤਨੀ ਅਤੇ ਪਰਿਵਾਰ ਦੇ ਨਾਲ ਪਿਆਰ ਦਾ ਕੈਦੀ ਹੀ ਨਹੀਂ ਰਿਹਾ ਸਗੋਂ ਚੰਗੇਰੇ ਸਮਾਜ ਦੀ ਸਿਰਜਣਾ ਲਈ ਵੀ ਸੰਘਰਸ਼ ਕਰਦਾ ਰਿਹਾ। ਉਸ ਨੇ ਕਵਿਤਾ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ। ਪੰਜਾਬੀ ਲਿਖਾਰੀ ਸਭਾ ਰਾਮਪੁਰ ਦਾ ਪ੍ਰਧਾਨ ਰਿਹਾ ਅਤੇ ਕਿਸਾਨ ਆਗੂ ਵਜੋਂ, ਕਿਸਾਨ-ਲਹਿਰ ਦੇ ਸੰਘਰਸ਼ ਵਿਚ ਯੋਗਦਾਨ ਪਾਇਆ। ਇਹ ਤਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਲਿਖਣ ਪ੍ਰਕਿਰਿਆ ਅਤੇ ਕਹਾਣੀ ਦੇ ਵਿਸ਼ੇ ਵਸਤੂ ਦੀ ਚੋਣ ਦੀ ਇਕ ਮਿਸਾਲ ਸੀ। ਇਕ ਗੱਲ ਉਨ੍ਹਾਂ ਦੀ ਕਹਾਣੀ ਦੀ ਪੜ੍ਹਨ ਪ੍ਰਕਿਰਿਆ ਬਾਰੇ ਕਰਦਾ ਹਾਂ। ਪੜ੍ਹਦਿਆਂ ਪੜ੍ਹਦਿਆਂ ਉਨ੍ਹਾਂ ਦੀਆਂ ਕਹਾਣੀਆਂ ਦੇ ਨਵੇਂ ਪਹਿਲੂ ਉਜਾਗਰ ਹੁੰਦੇ ਹਨ। ਉਨ੍ਹਾਂ ਦੀ ਇਕ ਕਹਾਣੀ ਹੈ 'ਬੰਮ ਬਹਾਦਰ'। ਇਸ ਦਾ ਮੁੱਖ ਪਾਤਰ 'ਬੰਮ ਬਹਾਦਰ' ਇਕ ਹਾਥੀ ਹੈ। ਆਮ ਪਾਠਕ ਅਤੇ ਪੰਜਾਬੀ ਦੇ ਆਲੋਚਕ ਵੀ ਇਸ ਕਹਾਣੀ ਨੂੰ ਜਾਨਵਰਾਂ ਦੀਆਂ ਕਹਾਣੀਆਂ ਵਿਚ ਸ਼ਾਮਲ ਕਰਦੇ ਹਨ। ਬੀ.ਏ. ਦੇ ਸਿਲੇਬਸ ਵਿਚ ਇਹ ਕਹਾਣੀ ਪੜ੍ਹਾਉਂਦਿਆਂ ਸੁਰਿੰਦਰ ਸਿੰਘ ਚੀਮਾ ਨੇ ਇਸ ਕਹਾਣੀ ਦੇ ਨਵੇਂ ਅਰਥ ਸਮਝਾਏ ਜੋ ਹੁਣ ਤਕ ਵੀ ਮਨ ਦੇ ਚਿੱਤਰ-ਪਟ 'ਤੇ ਉੱਕਰੇ ਪਏ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਹਾਥੀ ਦੀ ਕਹਾਣੀ ਨਹੀਂ ਹੈ। ਹਾਥੀ ਦੀ ਕਹਾਣੀ ਲਿਖਣਾ ਪ੍ਰੀਤਲੜੀ ਦਾ ਮਕਸਦ ਨਹੀਂ ਸੀ। 'ਉਨ੍ਹਾਂ ਮਿਸਾਲਾਂ ਦੇ ਕੇ ਸਮਝਾਇਆ ਕਿ ਇਹ ਕਹਾਣੀ ਸ਼ੁੱਧ ਰੂਪ ਵਿਚ ਇਕ ਰਾਜਨੀਤਕ ਕਹਾਣੀ ਹੈ। ਜਿਸ ਨੂੰ ਪ੍ਰਤੀਕਾਂ ਰਾਹੀਂ ਉਸਾਰਿਆਂ ਗਿਆ ਹੈ। ਜਿਵੇਂ ਕਹਾਣੀ ਦੇ ਤੀਜੇ ਪੈਰ੍ਹੇ ਵਿਚ ਇਕ ਸਤਰ ਹੈ। 'ਬੰਮ ਨਿਰਾ ਬਹਾਦਰ ਹੀ ਨਹੀਂ ਹੱਦ ਦਰਜੇ ਦਾ ਅਣਖੀਲਾ ਹਾਥੀ ਸੀ'। ਇਸ ਸਤਰ ਨਾਲ ਜਨਤਾ ਦੀ ਅਣਖ ਅਤੇ ਸਵੈ ਮਾਣ ਨੂੰ ਸੱਟ ਵੱਜਦੀ ਹੈ।

ਜਦੋਂ ਬੰਮ ਬਹਾਦਰ ਦੇ ਰੂਪ ਵਿਚ ਜਨਤਾ ਭ੍ਰਿਸ਼ਟ ਕਰਮਚਾਰੀਆਂ ਦੇ ਵਿਰੁੱਧ ਆਉਂਦੀ ਹੈ ਤਾਂ ਰਾਜ ਸ਼ਕਤੀ ਸਾਜ਼ਿਸ਼ੀ ਤਰੀਕੇ ਨਾਲ ਆਪਣੇ ਅਧਿਕਾਰੀਆਂ/ਕਰਮਚਾਰੀਆਂ ਦੇ ਬਚਾਅ ਵਿਚ ਆਉਂਦੀ ਹੈ ਅਤੇ ਜਨਤਾ ਨੂੰ ਵਰਗਲਾਉਂਦੀ ਅਤੇ ਪਲੋਸਦੀ ਹੋਈ ਵੀ ਉਸ 'ਤੇ ਇਵਜ਼ਾਨੇ ਦੀ ਪੂਰਤੀ ਦੇ ਰੂਪ ਵਿਚ ਹੋਰ ਬੋਝ ਪਾਉਂਦੀ ਹੈ। ਜਿਸ ਨੂੰ ਅਣਭੋਲ ਜਨਤਾ ਸਵੀਕਾਰ ਕਰ ਲੈਂਦੀ ਹੈ। ਅਜੋਕੇ ਸਮੇਂ ਵਿਚ ਸਾਹਮਣੇ ਆਏ ਅਨੇਕ ਕੇਸਾਂ ਵਿਚ ਜਦੋਂ ਸਰਕਾਰ ਆਪਣੇ ਭ੍ਰਿਸ਼ਟ ਅਧਿਕਾਰੀਆਂ ਅਤੇ ਨੇਤਾਵਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਕਹਾਣੀ ਦਾ ਸੱਚ ਹੋਰ ਵੀ ਉਜਾਗਰ ਹੁੰਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਹਾਣੀਆਂ ਆਮ ਲੋਕਾਂ ਦੀਆਂ ਕਹਾਣੀਆਂ ਹਨ। ਚੰਗੇਰੇ ਸਮਾਜ ਦੀ ਸਿਰਜਣਾ ਅਤੇ ਜਨ-ਸਧਾਰਨ ਨੂੰ ਜਾਗਰੂਕ ਕਰਨ ਅਤੇ ਸੇਧ ਦੇਣ ਵਾਲੀਆਂ ਹਨ। •

ਅਦਬਨਾਮਾ ਖ਼ਾਲਸਾ ਕਾਲਜ ਅੰਮ੍ਰਿਤਸਰ

ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੜੀ ਇਤਿਹਾਸਕ ਮਹੱਤਤਾ ਰਹੀ ਹੈ। ਇਸ ਸੰਸਥਾ ਵਿਚ ਸਮੇਂ-ਸਮੇਂ ਕਾਰਜਸ਼ੀਲ ਰਹੀਆਂ ਸ਼ਖ਼ਸੀਅਤਾਂ ਨੇ ਸਾਹਿਤ ਦੇ ਖੇਤਰ ਵਿਚ ਜ਼ਿਕਰਯੋਗ ਯੋਗਦਾਨ ਪਾਇਆ ਹੈ। ਇਸ ਤੋਂ ਪਹਿਲਾਂ ਅਸੀਂ ਕਾਲਜ ਨਾਲ ਸਬੰਧਤ ਸ਼ਖ਼ਸੀਅਤਾਂ ਦੇ ਸਾਹਿਤ ਤੇ ਰਾਜਨੀਤੀ ਵਿਚ ਪਾਏ ਯੋਗਦਾਨ ਦੀ ਚਰਚਾ ਕਰ ਚੁੱਕੇ ਹਾਂ। ਇਸ ਵਾਰ ਸ. ਤਾਰਾ ਸਿੰਘ ਤੇ ਸ. ਗੰਗਾ ਸਿੰਘ ਬਾਰੇ ਅਦਬਨਾਮਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰਕਾਸ਼ਿਤ ਕਰ ਰਹੇ ਹਾਂ...

ਤਾਰਾ ਸਿੰਘ ਜੱਜ

ਸ. ਤਾਰਾ ਸਿੰਘ ਇਕ ਚੰਗੇ ਵਕੀਲ ਅਤੇ ਸਿੱਖੀ ਦਾ ਦਰਦ ਰੱਖਣ ਵਾਲੇ ਗੁਰਸਿੱਖ ਸਨ। ਆਪ ਦਾ ਜਨਮ ਜ਼ੈਲਦਾਰ ਪ੍ਰਤਾਪ ਸਿੰਘ ਦੇ ਘਰ 1888 ਈ. ਨੂੰ ਮੋਗਾ ਸ਼ਹਿਰ ਵਿਚ ਹੋਇਆ। ਮੋਗੇ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰ ਕੇ 1907 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਪਾਸ ਕੀਤੀ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ 1910 ਈ. ਵਿਚ ਲਾਅ ਦੀ ਡਿਗਰੀ ਪ੍ਰਾਪਤ ਕੀਤੀ। ਕਾਫ਼ੀ ਸਮਾਂ ਫਿਰੋਜ਼ਪੁਰ ਵਿਚ ਵਕਾਲਤ ਕਰਦੇ ਰਹੇ। ਪਟਿਆਲਾ ਹਾਈ ਕੋਰਟ ਵਿਚ 1930-40 ਤਕ ਜੱਜ ਦੀ ਸੇਵਾ ਨਿਭਾਈ। 1932 ਈ. ਵਿਚ ਲੰਡਨ ਵਿਚ ਹੋਈ ਤੀਜੀ ਗੋਲ ਟੇਬਲ ਕਾਨਫਰੰਸ ਵਿਚ ਸਿੱਖਾਂ ਦੀ ਨੁਮਾਇੰਦਗੀ ਕਰ ਕੇ ਪ੍ਰਸਿੱਧੀ ਹਾਸਿਲ ਕੀਤੀ। ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲਿਆ ਅਤੇ ਕਾਫ਼ੀ ਵਰ੍ਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਆਪ ਦਾ ਦੇਹਾਂਤ 12 ਅਗਸਤ 1956 ਨੂੰ ਹੋਇਆ।

ਗੰਗਾ ਸਿੰਘ ਬੇਦੀ

ਸ. ਗੰਗਾ ਸਿੰਘ ਬੇਦੀ ਸੁਲਝੇ ਹੋਏ ਲੇਖਕ ਸਨ। ਇਨ੍ਹਾਂ ਦਾ ਜਨਮ ਨਵੰਬਰ 1889 ਨੂੰ ਪਿੰਡ ਧਾਰੀਵਾਲ (ਗੁਰਦਾਸਪੁਰ) ਵਿਚ ਮਾਤਾ ਗੁਰਾਂ ਦੇਵੀ ਅਤੇ ਸ. ਨਿਰੰਜਨ ਸਿੰਘ ਦੇ ਘਰ ਹੋਇਆ। ਇਹ ਕਾਫ਼ੀ ਸਮਾਂ 'ਖ਼ਾਲਸਾ ਸਮਾਚਾਰ' ਦੇ ਸੰਪਾਦਕ ਰਹੇ। ਆਪ ਨੇ ਧਰਮ ਪ੍ਰਚਾਰਕ ਦੀ ਸੇਵਾ ਵੀ ਤਨਦੇਹੀ ਨਾਲ ਨਭਾਈ। ਇਨ੍ਹਾਂ ਦੀ ਪੁਸਤਕ 'ਹੀਰੇ ਦਮੋਦਰ 1927 ਵਿਚ ਪ੍ਰਕਾਸ਼ਤ ਹੋਈ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਖੋਜ ਇਤਿਹਾਸ ਵਿਭਾਗ ਨੂੰ ਦੇਸ਼ ਵੰਡ ਵੇਲੇ ਸਿੱਖਾਂ ਨਾਲ ਹੋਏ ਦੁਰਵਿਹਾਰ ਦੇ ਵੇਰਵੇ ਦੇ ਕੇ 20,000 ਸਫ਼ੇ ਪੰਜਾਬੀ ਵਿਚ ਲਿਖ ਕੇ ਦਿੱਤੇ। ਇਹ ਇਨ੍ਹਾਂ ਦੀ ਵੱਡਮੁਲੀ ਸੇਵਾ ਹਮੇਸ਼ਾ ਪੰਥਕ ਸਫ਼ਾਂ ਵਿਚ ਵਿਸ਼ੇਸ਼ ਥਾਂ ਬਣਾਉਂਦੀ ਹੈ। ਇਨ੍ਹਾਂ ਦਾ ਦੇਹਾਂਤ 20 ਮਾਰਚ 1961 ਨੂੰ ਹੋਇਆ। •

ਡਾ. ਜਸਬੀਰ ਸਿੰਘ 'ਸਰਨਾ'
ਮੋਬਾਈਲ : 099065-66604

ਗ਼ਜ਼ਲਾਂ

ਮਖੌਟਾ ਚਾੜ੍ਹ ਚਿਹਰੇ 'ਤੇ ਖ਼ੁਸ਼ੀ ਦਾ ਰੱਖਣਾ ਪੈਂਦੈ।
ਛੁਪਾ ਕੇ ਦਰਦ ਸੀਨੇ ਵਿਚ ਬਨਾਉਟੀ ਹੱਸਣਾ ਪੈਂਦੈ।

ਜਿਵੇਂ ਨੇ ਫੁੱਲ ਕਾਗ਼ਜ਼ ਦੇ ਵਿਹੂਣੇ ਮਹਿਕ ਤੋਂ ਹੁੰਦੇ,
ਬਿਨਾਂ ਅਹਿਸਾਸ ਤੋਂ ਵੀ ਜ਼ਿੰਦਗੀ ਨੂੰ ਕੱਟਣਾ ਪੈਂਦੈ।

ਇਹੋ ਤਹਿਜ਼ੀਬ ਸਾਡੀ ਹੈ ਕਿ ਸਭ ਕੁਝ ਹੋ ਗਿਆ ਰਸਮੀਂ,
ਕਿਵੇਂ ਦੇ ਹਾਲ ਸਾਡੇ ਹੋਣ, ਵਧੀਆ ਦੱਸਣਾ ਪੈਂਦੈ।

ਖ਼ੁਦਾ ਜਾਣੇ ਗਵਾਚੇ ਰਹਿਣ ਕਿਸ ਦੁਨੀਆ 'ਚ ਅਪਣੇ,
ਪਵੇ ਜੇ ਲੋੜ ਸੌ ਵਾਰੀ ਸੁਨੇਹਾ ਘਲਣਾ ਪੈਂਦੈ।

ਬੜਾ ਹੀ ਤਰਸ ਆਉਂਦਾ ਹੈ ਗਵਾਚੀ ਹੋਂਦ ਅਪਣੀ 'ਤੇ,
ਜਦੋਂ ਹਰ ਸ਼ਾਮ ਖ਼ੁਦ ਨੂੰ ਆਪਣੇ 'ਚੋਂ ਲੱਭਣਾ ਪੈਂਦੈ।

• **ਕੁਲਦੀਪ ਸਿੰਘ ਬੀਗੀ,** ਮੋਬਾਈਲ : 94174-07778

ਫੁੱਲ ਖਿੜਨੋਂ ਪਹਿਲਾਂ ਹੀ ਕੰਮਲਾਉਣ ਲੱਗ ਪਏ।
ਐ ਖ਼ੁਦਾ ਇਹ ਕੇਹੇ ਮੌਸਮ ਆਉਣ ਲੱਗ ਪਏ।

ਉਮਰ ਲੰਘਾ ਕੇ ਜਿਨ੍ਹਾਂ ਨੂੰ ਜੀਣਾ ਨਾ ਆਇਆ,
ਤੱਤ ਜੀਵਨ ਦੇ ਉਹ ਕਿਉਂ ਸਮਝਾਉਣ ਲੱਗ ਪਏ।

ਬੰਬ ਖੋਜਣ 'ਤੇ ਸੀ ਜਿਸ ਦਿਨ ਪਾਇਆ ਤਮਗ਼ਾ ਮੈਂ,
ਬੱਚੇ ਮੇਰੇ ਖ਼ਾਬਾਂ ਵਿਚ ਕਰਲਾਉਣ ਲੱਗ ਪਏ।

ਸਾਡੀਆਂ ਫ਼ਸਲਾਂ ਦਾ ਮੁੱਲ ਦੇ ਨਾ ਸਕੇ ਜਿਹੜੇ
ਸਾਡੀਆਂ ਖ਼ੁਦਕੁਸ਼ੀਆਂ ਦੇ ਮੁੱਲ ਪਾਉਣ ਲੱਗ ਪਏ।

ਜ਼ਖ਼ਮ ਨਹੀਂ, ਵੇਖੀ ਜਿਨ੍ਹਾਂ ਸੀ ਜਾਤ ਮੇਰੀ ਉਹ,
ਜਾ ਇਕੱਠ 'ਚ ਏਕੇ ਦਾ ਰੌਲ਼ਾ ਪਾਉਣ ਲੱਗ ਪਏ।

ਚੰਨ ਨੂੰ ਜਦ ਤੱਕ ਲਿਆ ਅਸਾਂ ਜ਼ਮੀਨ ਉੱਤੇ,
ਸ਼ਹਿਰ ਤੇਰੇ ਤਦ ਤੋਂ ਗੇੜੇ ਲਾਉਣ ਲੱਗ ਪਏ।

• **ਮੁਰੀਦ ਸੰਧੂ,** ਮੋਬਾਈਲ : 93575-44440

ਭਿਉਂ ਜ਼ਖ਼ਮਾਂ 'ਤੇ ਫੇਰੇ ਮੈਂ ਧਰੇ।
ਹਾਏ! ਰੋਜ਼ ਹੀ ਹੋ ਜਾਣ ਹਰੇ।

ਦਰਦ ਹਨ੍ਹੇਰੀ ਨਾਲ ਪੱਤਰ ਉੱਡਣ,
ਖ਼ਾਲੀ ਦਿਲ ਵਾਲਾ ਵਿਹੜਾ ਭਰੇ।

ਯਾਦ ਤੇਰੀ ਸਾਨੂੰ ਸੌਣ ਨਾ ਦੇਵੇ,
ਉੱਤੋਂ ਹੰਝੂਆਂ ਦਾ ਮੀਂਹ ਦੀ ਵਰ੍ਹੇ।

ਵਿਛੋੜੇ ਤੇਰੇ ਦੀਆਂ ਛਮਕਾਂ ਵੇ,
ਢੋਲਾ, ਕਿਹੜਾ ਏਸ ਜਿੰਦ 'ਤੇ ਜਰੇ।

• **ਕਰਮਜੀਤ ਕੰਮੋ 'ਦਿਉਣ ਐਲਨਾਬਾਦੀ'**
ਮੋਬਾਈਲ : 094672-95003

ਕਦੇ ਕੌੜੇ ਤੇ ਕਦੇ ਮਿਠੇ ਪਲਾਂ ਨਾਲ ਮਿਲਾਉਂਦੀ ਹੈ ਜ਼ਿੰਦਗੀ।
ਆਪਣੇ ਤੇ ਆਪਣਿਆਂ ਲਈ ਜੀਣਾ ਸਿਖਾਉਂਦੀ ਹੈ ਜ਼ਿੰਦਗੀ।

ਡਿੱਗਦੀ ਹੈ, ਉੱਠਦੀ ਹੈ, ਪੈਰਾਂ 'ਤੇ ਖੜ੍ਹਾਉਂਦੀ ਹੈ ਜ਼ਿੰਦਗੀ।
ਨਿੱਤ ਨਵੇਂ-ਨਵੇਂ ਸਬਕ ਬੰਦੇ ਨੂੰ ਪੜ੍ਹਾਉਂਦੀ ਹੈ ਜ਼ਿੰਦਗੀ।

ਗਮਾਂ ਵਿਚ ਰੋਵੇ ਤੇ ਪੀੜ ਹਿਜਰ ਦੀ ਹਢਾਉਂਦੀ ਹੈ ਜ਼ਿੰਦਗੀ।
ਖ਼ੁਸ਼ੀਆਂ ਵਿਚ ਗੀਤ ਪਿਆਰ ਦੇ ਵੀ ਗਾਉਂਦੀ ਹੈ ਜ਼ਿੰਦਗੀ।

ਹੋਵੇ ਦ੍ਰਿੜ ਵਿਸ਼ਵਾਸ ਤੇ ਕੁਝ ਕਰ-ਗੁਜ਼ਰਨ ਦਾ ਜਜ਼ਬਾ,
ਫਿਰ ਤਾਂ ਪਹਾੜਾਂ ਨਾਲ ਵੀ ਜਾ ਟਕਰਾਉ

ਐੱਸ. ਐੱਸ. ਬੀ. ਦੇ ਜਵਾਨਾਂ ਨੂੰ 15 ਦਿਨਾਂ 'ਚ ਟੈਟੂ ਹਟਾਉਣ ਦੇ ਹੁਕਮ

ਭੁਵਨੇਸਵਰ 11 ਅਪ੍ਰੈਲ। ਓਡੀਸ਼ਾ ਪੁਲਸ ਨੇ ਆਪਣੀ ਵਿਸੇਸ ਸੁਰੱਖਿਆ ਬਟਾਲੀਅਨ (ਐੱਸ. ਐੱਸ. ਬੀ.) ਦੇ ਜਵਾਨਾਂ ਨੂੰ ਆਪਣੇ ਸਰੀਰ ਤੋਂ 15 ਦਿਨਾਂ ਦੇ ਅੰਦਰ-ਅੰਦਰ ਟੈਟੂ ਹਟਾਉਣ ਲਈ ਕਿਹਾ ਹੈ ਕਿਉਂਕਿ 'ਵਰਦੀ ਪਹਿਨਣ ਵਾਲੇ ਵਿਅਕਤੀ ਦੀ ਚਮੜੀ 'ਤੇ ਬਣੇ ਇਹ ਟੈਟੂ ਆਸਾਨੀ ਨਾਲ ਧਿਆਨ ਖਿੱਚਦੇ' ਹਨ ਅਤੇ ਇਸ ਨੂੰ 'ਮਾੜਾ' ਅਤੇ 'ਅਪਮਾਨਜਨਕ' ਮੰਨਿਆ ਜਾਂਦਾ ਹੈ। ਭੁਵਨੇਸਵਰ ਦੇ ਡਿਪਟੀ ਕਮਿਸਨਰ ਆਫ ਪੁਲਸ (ਸੁਰੱਖਿਆ) ਨੇ ਮੰਗਲਵਾਰ ਨੂੰ ਇਸ ਸਬੰਧ ਵਿਚ ਇਕ ਆਦੇਸ ਜਾਰੀ ਕੀਤਾ ਅਤੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਐੱਸ. ਐੱਸ. ਬੀ. ਦੇ ਅਜਿਹੇ ਕਰਮਚਾਰੀਆਂ ਦੀ ਇਕ ਸੂਚੀ ਤਿਆਰ ਕਰਨ ਲਈ ਕਿਹਾ ਜਿਨ੍ਹਾਂ ਦੇ ਸਰੀਰ ਉੱਤੇ ਅਜਿਹੇ ਟੈਟੂ ਹਨ ਜੋ 'ਆਸਾਨੀ ਨਾਲ ਧਿਆਨ ਖਿੱਚਦੇ' ਹਨ। ਐੱਸ. ਐੱਸ. ਬੀ. ਕਰਮਚਾਰੀ ਮੁੱਖ ਮੰਤਰੀ ਦੀ ਰਿਹਾਇਸ, ਰਾਜ ਭਵਨ, ਰਾਜ ਸਕੱਤਰੇਤ, ਓਡੀਸਾ ਵਿਧਾਨ ਸਭਾ ਅਤੇ ਹਾਈ ਕੋਰਟ ਵਰਗੀਆਂ ਮਹੱਤਵਪੂਰਨ ਸੰਸਥਾਵਾਂ ਦੀ ਸੁਰੱਖਿਆ ਕਰਦੇ ਹਨ।

ਕੁੜੀ ਨੂੰ ਤੰਗ-ਪਰੇਸ਼ਾਨ ਕਰਨ ਦੇ ਦੋਸ਼ ਲੱਗਣ ਤੋਂ ਗੁੱਸੇ 'ਚ ਆਏ ਨੌਜਵਾਨ ਨੇ ਲਿਆ ਫਾਹਾ

ਲੁਧਿਆਣਾ 11 ਅਪ੍ਰੈਲ। ਢੋਲੇਵਾਲ ਨੇੜੇ ਸਥਿਤ ਗੁਰੂ ਅਰਜਨ ਦੇਵ 'ਚ ਇਕ ਨੌਜਵਾਨ ਨੇ ਫਾਹਾ ਲੈ ਕੇ ਆਪਣੀ ਜਾਨ ਦੇ ਦਿੱਤੀ। ਪਤਾ ਲੱਗਦੇ ਹੀ ਥਾਣਾ ਡਵੀਜ਼ਨ ਨੰਬਰ-6 ਦੀ ਪੁਲਸ ਮੌਕੇ 'ਤੇ ਪੁੱਜ ਗਈ। ਪੁਲਸ ਨੇ ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਮਰਨ ਵਾਲੇ ਨੌਜਵਾਨ ਦੀ ਪਛਾਣ ਦੀਪਕ (20) ਵਜੋਂ ਕੀਤੀ ਹੈ। ਜਾਂਚ ਅਧਿਕਾਰੀ ਸਤਨਾਮ ਸਿੰਘ ਨੇ ਦੱਸਿਆ ਕਿ ਹਾਦਸਾ ਸਥਾਨ ਦਾ ਮੁਆਇਨਾ ਕਰਨ 'ਤੇ ਕੋਈ ਵੀ ਖੁਦਕੁਸ਼ੀ ਨੋਟ ਨਹੀਂ ਮਿਲਿਆ। ਜਾਂਚ ਅਧਿਕਾਰੀ ਅਨੁਸਾਰ ਉਸ ਦੇ ਪਰਿਵਾਰ ਦੇ ਲੋਕਾਂ ਨੇ ਦੱਸਿਆ ਕਿ ਉਹ ਸਬਜ਼ੀ ਵੇਚਣ ਦਾ ਕੰਮ ਕਰਦਾ ਸੀ। ਇਸੇ ਇਲਾਕੇ ਦੇ ਰਹਿਣ ਵਾਲੇ ਇਕ ਪਰਿਵਾਰ ਨੂੰ ਸ਼ੱਕ ਸੀ ਕਿ ਦੀਪਕ ਉਨ੍ਹਾਂ ਦੀ ਬੇਟੀ ਨੂੰ ਤੰਗ-ਪਰੇਸ਼ਾਨ ਕਰਦਾ ਹੈ। ਇਸੇ ਗੱਲ ਦੀ ਸ਼ਿਕਾਇਤ ਕਰਨ ਲਈ ਲੜਕੀ ਦੇ ਪਰਿਵਾਰ ਦੇ ਲੋਕ ਉਸ ਦੇ ਘਰ ਆ ਗਏ ਅਤੇ ਉਸ ਨੂੰ ਪਰਿਵਾਰ ਦੇ ਸਾਹਮਣੇ ਹੀ ਭਲਾ-ਬੁਰਾ ਕਹਿੰਦੇ ਹੋਏ ਧਮਕੀਆਂ ਦਿੱਤੀਆਂ। ਉਨ੍ਹਾਂ ਦੇ ਜਾਣ ਤੋਂ ਬਾਅਦ ਦੀਪਕ ਆਪਣੇ ਕਮਰੇ ਵਿਚ ਚਲਾ ਗਿਆ। ਜਦ ਵਾਪਸ ਨਾ ਆਇਆ ਤਾਂ ਉਹ ਉਸ ਨੂੰ ਦੇਖਣ ਲਈ ਕਮਰੇ ਵਿਚ ਗਏ ਤਾਂ ਕਮਰਾ ਬੰਦ ਸੀ ਅਤੇ ਉਨ੍ਹਾਂ ਨੇ ਖਿੜਕੀ ਤੋਂ ਦੇਖਿਆ ਤਾਂ ਉਸ ਨੇ ਫਾਹਾ ਲਾਇਆ ਹੋਇਆ ਸੀ

ਚੈੱਕ ਦਾ ਭੁਗਤਾਨ ਨਾ ਹੋਣ ਦੇ ਮਾਮਲੇ 'ਚ ਵਿਅਕਤੀ ਨੂੰ ਦੋ ਸਾਲ ਦੀ ਸਜਾ

ਧੂਰੀ 11 ਅਪ੍ਰੈਲ। ਸਥਾਨਕ ਸਬ ਡਵੀਜਨਲ ਜੁਡੀਸੀਅਲ ਮੈਜਿਸਟਰੇਟ ਮੈਡਮ ਨੇਹਾ ਗੋਇਲ ਦੀ ਅਦਾਲਤ ਵੱਲੋਂ ਚੈੱਕ ਦਾ ਭੁਗਤਾਨ ਨਾ ਹੋਣ ਦੀ ਸ਼ਿਕਾਇਤ ਸਬੰਧੀ ਸੁਣਾਏ ਗਏ ਫੈਸਲੇ 'ਚ ਮੁਲਜਮ ਨੂੰ ਸਜਾ ਅਤੇ ਉਧਾਰ ਲਈ ਰਕਮ ਸ?ਿਕਾਇਤ ਕਰਤਾ ਨੂੰ ਅਦਾ ਕਰਨ ਦਾ ਫੈਸਲਾ ਸੁਣਾਇਆ ਗਿਆ। ਇਸਤਗਾਸੇ ਅਨੁਸਾਰ ਮਹਾਂ ਲਕਸਮੀ ਕਮਿਸਨ ਏਜੰਸੀ ਧੂਰੀ ਦੇ ਮਾਲਕ ਗੁਰਦੀਪ ਸਿੰਘ ਪਾਸੋਂ ਪਿੰਡ ਭਸੌੜ ਨਿਵਾਸੀ ਹਰਬਲੱਦੀਪ ਸਿੰਘ ਨੇ ਕਿਸੇ ਕੰਮ ਲਈ 4 ਲੱਖ 40 ਹਜਾਰ ਰੁਪਏ ਉਧਾਰ ਲਏ ਸਨ ਅਤੇ ਰਕਮ ਮੋੜਨ ਲਈ ਉਸ ਨੇ ਆਪਣੇ 5 ਬੈਂਕ ਖਾਤੇ 'ਚੋਂ ਗੁਰਦੀਪ ਸਿੰਘ ਨੂੰ ਮੂਲ ਅਤੇ ਵਿਆਜ ਸਮੇਤ 5 ਲੱਖ ਰੁਪਏ ਦਾ ਚੈੱਕ ਕੱਟ ਕੇ ਦਿੱਤਾ ਸੀ ।

ਸਾਗਰ ਦੀ ਵਹੁਟੀ ਨੂੰ ਟਿਕਟ ਦੇਣ 'ਤੇ ਬੋਲੇ ਰਾਜਾ ਵੜਿੰਗ, ਇਕ ਬਿਆਨ ਨੇ ਬਦਲੇ ਸਮੀਕਰਨ

ਕਿਸ਼ਨ ਪਾਲ

ਚੰਡੀਗੜ੍ਹ 11 ਅਪ੍ਰੈਲ। ਪੰਜਾਬ 'ਚ ਲੋਕ ਸਭਾ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ ਹੁੰਦੀਆਂ ਜਾ ਰਹੀਆਂ ਹਨ ਤੇ ਵੱਖ-ਵੱਖ ਪਾਰਟੀਆਂ ਵੱਲੋਂ ਐਲਾਨੇ ਗਏ ਉਮੀਦਵਾਰ ਆਪਣੇ ਹਲਕਿਆਂ 'ਚ ਤੇਜ਼ੀ ਨਾਲ ਪ੍ਰਚਾਰ ਵੀ ਕਰ ਰਹੇ ਹਨ। ਇਸ ਦਰਮਿਆਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕਲਾਕਾਰਾਂ ਨੂੰ ਉਮੀਦਵਾਰ ਬਣਾਏ ਜਾਣ ਸਬੰਧੀ ਦਿੱਤੇ ਬਿਆਨ ਤੋਂ ਬਾਅਦ ਸਿਆਸੀ ਮਾਹਿਰ ਵੱਖ-ਵੱਖ ਤਰ੍ਹਾਂ ਦੇ ਅੰਦਾਜੇ ਲਾ ਰਹੇ ਹਨ। ਉਨ੍ਹਾਂ ਨੇ ਕਲਾਕਾਰਾਂ 'ਤੇ ਨਿਸਾਨਾ ਵਿੰਨ੍ਹਦਿਆਂ ਕਿਹਾ ਕਿ ਇਕ ਵਾਰ ਜਦੋਂ ਕਲਾਕਾਰ ਨੇਤਾ ਬਣ ਜਾਂਦਾ ਹੈ ਤਾਂ ਉਹ ਇਲਾਕੇ 'ਚ ਫਿਰ ਵਾਪਸ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਜਿਸ ਦਾ ਜੋ ਕੰਮ ਹੈ, ਉਸ ਨੂੰ ਉਹੀ ਕਰਨਾ ਚਾਹੀਦਾ ਹੈ। ਵੜਿੰਗ ਨੇ ਇੱਥੋਂ ਤਕ ਕਹਿ ਦਿੱਤਾ ਕਿ ਭਾਵੇਂ ਟਿਕਟ ਸਾਗਰ ਦੀ ਵਹੁਟੀ ਨੂੰ ਦੇ ਦਿਓ ਤੇ ਭਾਵੇਂ ਸਾਗਰ ਦੇ ਮੁੰਡੇ ਨੂੰ ਪਰ ਫੈਸਲਾ ਜਨਤਾ ਦੇ ਹੱਥ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਉਨ੍ਹਾਂ ਦਲ ਬਦਲੂਆਂ ਨੂੰ ਵੀ ਲੋਕਾਂ ਨੇ ਮੂੰਹ ਤੋੜ ਜਵਾਬ ਦੇਣਾ ਹੈ, ਖਾਸ ਕਰਕੇ ਉਨ੍ਹਾਂ ਨੂੰ ਜੋ ਰਾਤ ਨੂੰ ਹੀ ਨਵੇਂ ਲੀਡਰ ਬਣ ਗਏ। ਉਨ੍ਹਾਂ ਕਿਹਾ ਕਿ ਅਸੀਂ ਕਈ ਕਲਾਕਾਰਾਂ ਨੂੰ ਮੌਕਾ ਦੇ ਕੇ ਦੇਖ ਲਿਆ, ਇਸ ਦਾ ਇਨਪੁੱਟ ਸਭ ਨੂੰ ਪਤਾ ਹੈ। ਜਿੱਤਣ ਤੋਂ ਬਾਅਦ ਫਿਰ ਉਹ ਲੋਕਾਂ 'ਚ ਨਹੀਂ ਵਿਚਰਦੇ। ਟਿਕਟ ਉਸੇ ਨੂੰ ਦੇਣੀ ਚਾਹੀਦੀ ਹੈ ਜੋ ਲੋਕਾਂ ਲਈ ਆਵਾਜ ਬੁਲੰਦ ਕਰ ਸਕੇ। ਫਰੀਦਕੋਟ ਤੋਂ ਆਮ ਆਦਮੀ ਪਾਰਟੀ ਨੇ ਕਰਮਜੀਤ ਅਨਮੋਲ ਨੂੰ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਾਨਿਆ, ਜੋ ਗਾਇਕੀ ਦੇ ਨਾਲ-ਨਾਲ ਅਦਾਕਾਰੀ ਦੇ ਖੇਤਰ 'ਚ ਵੀ ਕਾਫੀ ਨਾਮਣਾ ਖੱਟ ਚੁੱਕੇ ਹਨ। ਭਾਜਪਾ ਨੇ ਵੀ ਇਸ ਸੀਟ ਤੋਂ ਹੰਸ

ਰਾਜ ਹੰਸ ਨੂੰ ਟਿਕਟ ਦਿੱਤੀ, ਜਿਨ੍ਹਾਂ ਦੀ ਕਿਸੇ ਸਮੇਂ ਪੰਜਾਬੀ ਗਾਇਕੀ 'ਚ ਪੂਰੀ ਤੂਤੀ ਬੋਲਦੀ ਰਹੀ ਹੈ। ਉਨ੍ਹਾਂ ਦਾ ਨਾਂ ਪੰਜਾਬ ਦੇ ਉਸਤਾਦ ਗਾਇਕਾਂ 'ਚ ਗਿਣਿਆ ਜਾਂਦਾ ਹੈ। ਪਿਛਲੀ ਵਾਰ ਇਸ ਸੀਟ ਤੋਂ ਮੁਹੰਮਦ ਸਦੀਕ ਲੋਕ ਸਭਾ ਪਹੁੰਚੇ ਸਨ, ਜਿਨ੍ਹਾਂ ਦਾ ਦੋਗਾਣਾ ਗਾਇਕੀ 'ਚ ਵਿਲੱਖਣ ਮੁਕਾਮ ਹੈ। ਫਰੀਦਕੋਟ ਹਲਕੇ ਤੋਂ ਬਾਕੀ ਦੋ ਪਾਰਟੀਆਂ ਵੱਲੋਂ ਕਲਾਕਾਰਾਂ ਨੂੰ ਟਿਕਟ ਦਿੱਤੇ ਜਾਣ ਤੋਂ ਬਾਅਦ ਅੰਦਾਜਾ ਲਾਇਆ ਜਾ ਰਿਹਾ ਸੀ ਕਿ ਕਾਂਗਰਸ ਵੱਲੋਂ ਇੱਥੋਂ ਮੁਹੰਮਦ ਸਦੀਕ ਨੂੰ ਟਿਕਟ ਦਿੱਤੀ ਜਾਵੇਗੀ ਪਰ ਰਾਜਾ ਵੜਿੰਗ ਦੇ ਇਸ ਬਿਆਨ ਤੋਂ ਇੰਝ ਲੱਗਦਾ ਹੈ ਕਿ ਜਿਵੇਂ ਕਾਂਗਰਸ ਕਲਾਕਾਰਾਂ ਨੂੰ ਟਿਕਟ ਦੇਣ ਦੇ ਹੱਕ 'ਚ ਨਹੀਂ ਹੈ। ਪਿਛਲੇ ਦਿਨੀਂ ਪੰਜਾਬ ਤੋਂ ਕਾਂਗਰਸ ਦੇ 5 ਲੋਕ ਸਭਾ ਮੈਂਬਰਾਂ ਨੇ ਦਿੱਲੀ ਵਿਖੇ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਸੀ। ਇਨ੍ਹਾਂ 'ਚ ਮਨੀਸ ਤਿਵਾੜੀ, ਅਮਰ ਸਿੰਘ, ਮੁਹੰਮਦ ਸਦੀਕ, ਗੁਰਜੀਤ ਸਿੰਘ ਔਜਲਾ ਅਤੇ ਜਸਬੀਰ ਸਿੰਘ ਡਿੰਪਾ ਸ਼ਾਮਲ ਸਨ। ਇਸ ਮੌਕੇ ਮੁਹੰਮਦ ਸਦੀਕ ਨੇ ਕਿਹਾ ਸੀ ਕਿ ਅਸੀਂ ਸੋਨੀਆ ਗਾਂਧੀ ਨੂੰ ਕਿਹਾ ਕਿ ਬਾਕੀ ਪਾਰਟੀਆਂ ਨੇ ਕਈ ਥਾਵਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ ਹਨ, ਸਾਡੀ ਪਾਰਟੀ ਵੱਲੋਂ ਵੀ ਉਮੀਦਵਾਰਾਂ ਦਾ ਐਲਾਨ ਛੇਤੀ ਕੀਤਾ ਜਾਵੇ ਤਾਂ ਕਿ ਅਸੀਂ ਵੀ ਕੰਮ ਸੁਰੂ ਕਰੀਏ। ਸਦੀਕ ਨੇ ਇਸ਼ਾਰੇ-ਇਸ਼ਾਰੇ 'ਚ ਦੱਸ ਦਿੱਤਾ ਕਿ ਮੌਜੂਦਾ ਐੱਮ. ਪੀ. ਨੂੰ ਟਿਕਟ ਮਿਲੇਗੀ ਪਰ ਇਸ ਦਾ ਆਖਰੀ ਫੈਸਲਾ ਹਾਈਕਮਾਨ ਕਰੇਗਾ। ਹੁਣ ਦੇਖਣਾ ਹੋਵੇਗਾ ਕਿ ਕੀ ਕਾਂਗਰਸ ਵੀ ਮੁਹੰਮਦ ਸਦੀਕ ਦਾ ਮੁਕਾਬਲਾ ਕਲਾਕਾਰਾਂ ਨਾਲ ਹੀ ਕਰਵਾਏਗੀ ਜਾਂ ਕੋਈ ਹੋਰ ਉਮੀਦਵਾਰ ਫਰੀਦਕੋਟ ਵਾਲਿਆਂ ਨੂੰ ਦੇਵੇਗੀ ਕਿਉਂਕਿ ਕਾਂਗਰਸ ਦੇ ਕਈ ਵੱਡੇ ਲੀਡਰਾਂ ਨੇ ਟਿਕਟ ਲਈ ਦਿੱਲੀ 'ਚ ਡੇਰੇ ਲਾਏ ਹੋਏ ਹਨ।

ਵਿਧਾਇਕ ਅਮਰਪਾਲ ਸਿੰਘ ਦੇ ਗੰਨਮੈਨ ਦੇ ਘਰ ਅੱਗੇ ਅਣਪਛਾਤਿਆਂ ਨੇ ਚਲਾਈਆਂ ਗੋਲੀਆਂ

ਅੱਚਲ ਸਾਹਿਬ 11 ਅਪ੍ਰੈਲ। ਬੀਤੀ ਦੇਰ ਰਾਤ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੇ ਗੰਨਮੈਨ ਦੇ ਘਰ ਅੱਗੇ ਮੋਟਰਸਾਈਕਲ ਸਵਾਰ 3 ਅਣਪਛਾਤਿਆਂ ਵੱਲੋਂ ਗੋਲੀਆਂ ਚਲਾਉਣ ਦੀ ਖਬਰ ਹੈ। ਘਟਨਾ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਈ ਹੈ। ਥਾਣਾ ਰੰਗੜ ਨੰਗਲ ਦੀ ਪੁਲਸ ਨੇ ਅਣਪਛਾਤਿਆਂ ਵਿਰੁੱਧ ਮਾਮਲਾ ਦਰਜ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ। ਇਸ ਸਬੰਧੀ ਪੰਜਾਬ ਪੁਲਸ ਦੇ ਮੁਲਾਜਮ ਸੁਖਵਿੰਦਰ ਸਿੰਘ ਪੁੱਤਰ ਬਖਸੀਸ ਸਿੰਘ ਵਾਸੀ ਅਮੋਨੰਗਲ ਨੇ ਦੱਸਿਆ ਕਿ ਉਹ ਵਿਧਾਇਕ ਅਮਰਪਾਲ ਸਿੰਘ ਦੀ ਪਾਇਲਟ ਗੱਡੀ ਦਾ ਡਰਾਈਵਰ ਹੈ ਅਤੇ ਬੀਤੀ ਸਾਮ ਡਿਊਟੀ ਤੋਂ ਬਾਅਦ ਆਪਣੇ ਘਰ 'ਚ ਮੌਜੂਦ ਸੀ। ਰਾਤ ਕਰੀਬ 10:30 ਵਜੇ ਉਸ ਨੇ ਆਪਣੇ ਘਰ ਦੇ ਬਾਹਰ ਗੋਲੀਆਂ ਚੱਲਣ ਦੀ ਆਵਾਜ ਸੁਣੀ ਤਾਂ ਉਸ ਨੇ ਬਾਹਰ ਜਾ ਕੇ ਦੇਖਿਆ ਤਾਂ ਉਸ ਦੇ ਗੇਟ 'ਤੇ ਗੋਲੀਆਂ ਦੇ ਨਿਸਾਨ ਸਨ। ਉਸ ਨੇ ਦੱਸਿਆ ਕਿ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਦੇਖੀ ਤਾਂ ਇਕ ਮੋਟਰਸਾਈਕਲ 'ਤੇ ਸਵਾਰ 3 ਨੌਜਵਾਨਾਂ ਵੱਲੋਂ 2 ਗੋਲੀਆਂ ਗੇਟ ਅੱਗੇ ਚਲਾਈਆਂ ਗਈਆਂ, ਇਕ ਗੋਲੀ ਗੇਟ ਨੂੰ ਪਾਰ ਕਰਦੀ ਹੋਈ ਉਸ ਦੇ ਕਮਰੇ ਅੰਦਰ ਲੱਗੇ ਦੀਵਾਨ ਬੈੱਡ 'ਚ ਜਾ ਵੱਜੀ। ਉਸ ਨੇ ਤੁਰੰਤ ਇਸ ਦੀ ਸੂਚਨਾ ਥਾਣਾ ਰੰਗੜ ਨੰਗਲ ਦੀ ਪੁਲਸ ਨੂੰ ਦਿੱਤੀ। ਉਕਤ ਘਟਨਾ ਦੇ ਸਬੰਧ 'ਚ ਥਾਣਾ ਰੰਗੜ ਨੰਗਲ ਦੇ ਐੱਸ. ਐੱਚ. ਓ. ਮਨਜੀਤ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਜਾ ਕੇ 2 ਖਾਲੀ ਖੋਲ ਬਰਾਮਦ ਕੀਤੇ ਅਤੇ ਸੀ. ਸੀ. ਟੀ. ਵੀ. ਫੁਟੇਜ ਖੰਗਾਲੀ ਜਾ ਰਹੀ ਹੈ। ਪੁਲਸ ਨੇ ਸੁਖਵਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤਿਆਂ ਵਿਰੁੱਧ ਮਾਮਲਾ ਦਰਜ ਕਰ ਦਿੱਤਾ ਗਿਆ ਹੈ।

ਬੱਸ ਖੱਡ 'ਚ ਡਿੱਗਣ ਕਾਰਨ 15 ਲੋਕਾਂ ਦੀ ਮੌਤ, 15 ਤੋਂ ਵੱਧ ਜਖਮੀ

ਦੁਰਗ 11 ਅਪ੍ਰੈਲ। ਛੱਤੀਸਗੜ੍ਹ ਦੇ ਦੁਰਗ ਜ?ਿਲ੍ਹੇ 'ਚ ਮੰਗਲਵਾਰ ਨੂੰ ਇਕ ਬੱਸ ਦੇ ਖੱਡ 'ਚ ਡਿੱਗਣ ਕਾਰਨ 15 ਲੋਕਾਂ ਦੀ ਮੌਤ ਹੋ ਗਈ ਅਤੇ 15 ਤੋਂ ਜ?ਿਆਦਾ ਜਖਮੀ ਹੋ ਗਏ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਕੁਮਹਾਰੀ ਥਾਣਾ ਖੇਤਰ ਦੇ ਅਧੀਨ ਖਾਪੜੀ ਪਿੰਡ ਨੇੜੇ ਮੁਰੋਮ (ਲਾਲ ਮਿੱਟੀ) ਦੀ ਖਾਨ ਵਿੱਚ ਬੱਸ ਡਿੱਗਣ ਕਾਰਨ ਗੱਡੀ ਵਿੱਚ ਸਵਾਰ 15 ਲੋਕਾਂ ਦੀ ਮੌਤ ਹੋ ਗਈ ਅਤੇ 15 ਤੋਂ ਵੱਧ ਜਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਕੁਮਹਾਰੀ ਇਲਾਕੇ ਵਿੱਚ ਸਥਿਤ ਕੇਡੀਆ ਡਿਸਟਿਲਰੀਜ ਦੀ ਬੱਸ ਮੁਲਾਜਮਾਂ ਨੂੰ ਲੈ ਕੇ ਰਵਾਨਾ ਹੋਈ ਸੀ ਅਤੇ ਬੱਸ ਵਿੱਚ 30 ਤੋਂ ਵੱਧ ਮੁਲਾਜਮ ਸਵਾਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ ਰਾਤ 8.30 ਵਜੇ ਵਾਪਰੀ ਜਦੋਂ ਬੱਸ ਖਾਪੜੀ ਪਿੰਡ ਦੇ ਨੇੜੇ ਪਹੁੰਚੀ ਅਤੇ ਕਾਬੂ ਤੋਂ ਬਾਹਰ ਹੋ ਗਈ ਅਤੇ 40 ਫੁੱਟ ਡੂੰਘੀ ਮੁਰੋਮ ਖਾਨ ਵਿੱਚ ਜਾ ਡਿੱਗੀ। ਪੁਲਸ ਮੁਤਾਬਕ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਦੀ ਟੀਮ ਨੂੰ ਮੌਕੇ 'ਤੇ ਭੇਜਿਆ ਗਿਆ ਅਤੇ ਬਚਾਅ ਕਾਰਜ ਸੁਰੂ ਕਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਦੀਆਂ ਲਾਸਾਂ ਅਤੇ ਜਖਮੀਆਂ ਨੂੰ ਹਸਪਤਾਲ ਭੇਜ ਦਿੱਤਾ ਗਿਆ ਹੈ ਅਤੇ ਬੱਸ ਨੂੰ ਖੱਡ 'ਚੋਂ ਕੱਢਣ ਦੀ ਕੋਸ?ਿਸ ਕੀਤੀ ਜਾ ਰਹੀ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸਨੂੰ ਦੇਵ ਸਾਈਂ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਸਾਈ ਨੇ 'ਐਕਸ' 'ਤੇ ਲਿਖਿਆ, "ਦੁਰਗ ਦੇ ਕੁਮਹਾਰੀ ਨੇੜੇ ਇਕ ਨਿੱਜੀ ਕੰਪਨੀ ਦੇ ਕਰਮਚਾਰੀਆਂ ਨਾਲ ਭਰੀ ਬੱਸ ਦੇ ਹਾਦਸੇ ਦੀ ਦੁਖਦਾਈ ਸੂਚਨਾ ਮਿਲੀ ਹੈ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਦੀ ਸਾਂਤੀ ਅਤੇ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਣ। ਹਾਦਸੇ ਵਿੱਚ ਜਖਮੀ ਹੋਏ ਮੁਲਾਜਮਾਂ ਦੇ ਇਲਾਜ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਮੈਂ ਉਸ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ।

ਨੌਜਵਾਨ ਨੂੰ ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਮਾਰੀ 3.70 ਲੱਖ ਦੀ ਠੱਗੀ

ਏਜੰਸੀਆਂ

ਗੋਨਿਆਣਾ 11 ਅਪ੍ਰੈਲ। ਪੁਲਸ ਥਾਣਾ ਨੇਹੀਆਂ ਵਾਲਾ ਦੇ ਤਹਿਤ ਪੈਂਦੇ ਪਿੰਡ ਦਾਨ ਸਿੰਘ ਵਾਲਾ ਦੇ ਇਕ ਨੌਜਵਾਨ ਨੂੰ ਫਾਇਰ ਬ੍ਰਿਗੇਡ ਵਿਭਾਗ 'ਚ ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਇਕ ਵਿਅਕਤੀ ਨੇ ਉਸ ਦੇ ਦਾਦੇ ਨਾਲ 3.70 ਲੱਖ ਰੁਪਏ ਦੀ ਠੱਗੀ ਮਾਰ ਲਈ ਸੀ। ਠੱਗੀ ਮਾਰਨ ਵਾਲੇ ਵਿਆਕਤੀ ਵਲੋਂ ਨਾ ਤਾਂ ਨੌਕਰੀ ਦਿਵਾਈ ਗਈ ਤੇ ਨਾ ਹੀ ਪੈਸੇ ਵਾਪਸ ਕੀਤੇ ਗਏ। ਇਸ ਪ੍ਰੇਸ਼ਾਨੀ ਨੂੰ ਲੈ ਕੇ ਨੌਜਵਾਨ ਦੇ ਦਾਦੇ ਨੇ ਆਪਣੇ ਘਰ 'ਚ ਸਲਫਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਮਨਪ੍ਰੀਤ ਸਿੰਘ ਪੁੱਤਰ ਵਕੀਲ ਸਿੰਘ ਵਾਸੀ ਦਾਨ ਸਿੰਘ ਵਾਲਾ ਨੇ ਪੁਲਸ ਕੋਲ ਲਿਖਵਾਈ ਸ਼ਿਕਾਇਤ 'ਚ ਕਿਹਾ ਕਿ ਉਸ ਦਾ ਦਾਦਾ ਜੋਗਿੰਦਰ ਸਿੰਘ ਉਸ ਨੂੰ ਸਰਕਾਰੀ ਨੌਕਰੀ ਦਿਵਾਉਣਾ ਚਾਹੁੰਦਾ ਸੀ, ਜਿਸ ਤਹਿਤ ਉਸ ਦਾਦੇ ਦੀ ਮੁਲਾਕਾਤ ਪਿੰਡ ਕੋਟਭਾਈ ਦੇ ਇਕ ਵਸਨੀਕ ਹਰਜਿੰਦਰ ਸਿੰਘ ਨਾਲ ਹੋਈ। ਹਰਜਿੰਦਰ ਸਿੰਘ ਨੇ ਉਸ ਦੇ ਦਾਦੇ ਜੋਗਿੰਦਰ ਸਿੰਘ ਨੂੰ ਝਾਂਸਾ ਦੇ ਕੇ ਤੇ ਰਾਜਨੀਤਕ ਲੋਕਾਂ ਨਾਲ ਜਾਣ-ਪਛਾਣ ਹੋਣ ਦਾ ਵਿਸ਼ਵਾਸ

ਦਿਵਾਇਆ। ਇਸ ਜਰੀ